ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 92
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 4 April, 2026) ਸ਼ਨੀਵਾਰ, 4 ਅਪ੍ਰੈਲ, 2026, 22 ਚੇਤ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


## ਰਾਜਪਾਲ ਦਾ ਪਠਾਨਕੋਟ ਜ਼ਿਲ੍ਹੇ ਦਾ ਤਿੰਨ ਰੋਜ਼ਾ ਦੌਰਾ 16 ਅਪ੍ਰੈਲ ਤੋਂ

ਚੰਡੀਗੜ੍ਹ, 3 ਅਪ੍ਰੈਲ (ਚ.ਨ.ਸ.):ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ 16 ਅਪ੍ਰੈਲ ਤੋਂ ਪਠਾਨਕੋਟ ਜ਼ਿਲ੍ਹੇ ਦਾ ਤਿੰਨ ਰੋਜ਼ਾ ਦੌਰਾ ਕਰਨਗੇ। ਇਸ ਦੌਰੇ ਨੂੰ ਲੈ ਕੇ ਕੀਤੇ ਜਾਣ ਵਾਲੇ ਅਗੇਤੇ ਪ੍ਰਬੰਧਾਂ ਸਬੰਧੀ ਡਿਪਟੀ ਕਮਿਸ਼ਨਰ ਡਾ.ਪੱਲਵੀ ਦੀ ਅਗਵਾਈ ਹੇਠ ਅੱਜ ਇੱਕ ਮੀਟਿੰਗ ਕੀਤੀ ਗਈ, ਜਿਸ ਵਿੱਚ ਐੱਸ ਐੱਸ ਪੀ ਦਲਜਿੰਦਰ ਸਿੰਘ ਢਿੱਲੋਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਹੋਏ।ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਦੱਸਿਆ ਕਿ ਰਾਜਪਾਲ ਪੰਜਾਬ 16, 17 ਅਤੇ 18 ਅਪ੍ਰੈਲ ਨੂੰ ਪਠਾਨਕੋਟ ਦੇ ਦੌਰੇ 'ਤੇ ਹਨ। (ਬਾਕੀ ਸਫਾ 2 'ਤੇ)

ਈਰਾਨ ਦੀ ਅਮਰੀਕਾ ਨੂੰ ਚੇਤਾਵਨੀ

# 'ਜਦੋਂ ਤੱਕ ਦੁਸ਼ਮਣ ਦੀ ਫ਼ੌਜ ਹਥਿਆਰ ਨਹੀਂ ਸੁੱਟਦੀ ਉਦੋਂ ਤੱਕ ਜੰਗ ਜਾਰੀ ਰਹੇਗੀ'



ਚੜ੍ਹਦੀਕਲਾ ਬਿਊਰੋ

================

ਤਹਿਰਾਨ , 3 ਅਪ੍ਰੈਲ : ਟਰੰਪ ਦੇ ਬਿਆਨ ਮਗਰੋਂ ਇਕ ਵਾਰ ਫਿਰ ਤੋਂ ਈਰਾਨ ਨੇ ਪਲਟਵਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਜੰਗ ਨਾ ਰੁਕੀ ਤਾਂ ਉਸ ਦੇ ਨਤੀਜੇ ਬੁਰੇ ਹੋਣਗੇ। ਉਨ੍ਹਾਂ ਨਾਲ ਇਹ ਵੀ ਕਿਹਾ ਕਿ ਜਦੋਂ ਤੱਕ ਦੁਸ਼ਮਣ ਦੀ ਫੌਜ ਸਰੈਂਡਰ ਨਹੀਂ ਕਰਦੀ ਉਦੋਂ ਤੱਕ ਸਾਡੇ ਵੱਲੋਂ ਹਮਲੇ ਜਾਰੀ ਰਹਿਣਗੇ ਤੇ ਜੰਗ ਜਾਰੀ ਰਹੇਗੀ। ਜੰਗ ਤੋਂ ਪਹਿਲਾਂ ਈਰਾਨ ਇਹ ਸੋਚ ਕੇ ਬੈਠਾ ਸੀ ਕਿ ਜਦੋਂ ਵੀ ਅਮਰੀਕਾ ਜਾਂ ਇਜ਼ਰਾਈਲ ਨਾਲ ਟਾਕਰਾ ਹੋਵੇਗਾ ਤਾਂ ਉਹ ਚੁੱਪ ਨਹੀਂ ਬੈਠੇਗਾ ਕਿਉਂਕਿ ਉਹ ਬਹੁਤ ਸਾਲਾਂ ਤੋਂ ਇਸ ਦੀ ਉਡੀਕ ਕਰ ਰਿਹਾ ਸੀ। ਟਰੰਪ ਨੇ ਦਾਅਵਾ ਕੀਤਾ ਕਿ ਮੈਂ ਚਾਹਾਂ ਤਾਂ ਇਜ਼ਰਾਈਲ ਨੂੰ ਕਹਿ ਕੇ ਜੰਗ ਰੁਕਵਾ ਸਕਦਾ ਹਾਂ। ਇਨ੍ਹਾਂ ਸਭ ਦੇ ਵਿਚਾਲੇ ਭਾਰਤ ਦੀ ਰਣਨੀਤੀ ਇਹ ਹੈ ਕਿ ਜੰਗ ਦਾ ਹੱਲ ਗੱਲਬਾਤ ਤੇ ਅਮਨ ਨਾਲ ਹੀ ਨਿਕਲ ਸਕਦਾ ਹੈ। ਅਜਿਹੇ ਵਿਚ ਇਜ਼ਰਾਈਲ ਦੇ ਪੀ.ਐੱਮ. ਵੱਲੋਂ ਈ ਗੱਲ ਕਹੀ ਗਈ ਹੈ ਕਿ ਸਾਡੇ ਕੋਲੋਂ ਟਰੰਪ ਦੇ ਸਮਰਥਨ ਤੋਂ ਇਲਾਵਾ ਹੋਰ ਕੋਈ ਬਦਲ ਨਹੀਂ ਹੈ ਤੇ (ਬਾਕੀ ਸਫਾ 2 'ਤੇ)

### ਈਰਾਨ ਵੱਲੋਂ ਐੱਫ-35 ਜੈਟ ਸੁੱਟਣ ਦਾ ਦਾਅਵਾ

ਤਹਿਰਾਨ, 3 ਅਪ੍ਰੈਲ (ਚ.ਨ.ਸ.): ਈਰਾਨ ਦੇ ਸਰਕਾਰੀ ਟੈਲੀਵਿਜ਼ਨ ਨਾਲ ਜੁੜੇ ਇੱਕ ਸਥਾਨਕ ਚੈਨਲ ਨੇ ਦਾਅਵਾ ਕੀਤਾ ਹੈ ਕਿ ਦੱਖਣ-ਪੱਛਮੀ ਈਰਾਨ ਵਿੱਚ ਇੱਕ ਅਮਰੀਕੀ ਲੜਾਕੂ ਪਾਇਲਟ ਆਪਣੇ ਜਹਾਜ਼ ਵਿੱਚੋਂ ਬਾਹਰ ਨਿਕਲ ਗਿਆ। ਹਾਲਾਂਕਿ, ਇਸ ਦਾਅਵੇ ਬਾਰੇ ਹੁਣ ਤੱਕ ਅਮਰੀਕਾ ਵੱਲੋਂ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਆਈ ਹੈ। ਈਰਾਨ ਦੇ ਕੋਹਗਿਲੁਏਹ ਅਤੇ ਬੋਇਰ-ਅਹਿਮਦ ਪ੍ਰਾਂਤ ਦੇ ਇੱਕ ਸਥਾਨਕ ਚੈਨਲ ਨੇ ਇਹ ਜਾਣਕਾਰੀ ਦਿੱਤੀ। ਪ੍ਰਸਾਰਣ ਦੌਰਾਨ, ਚੈਨਲ ਦੇ ਐਂਕਰ ਨੇ ਕਿਹਾ ਕਿ ਜੋ ਵੀ ਦੁਸ਼ਮਣ ਪਾਇਲਟ ਨੂੰ ਜ਼ਿੰਦਾ ਫੜ ਕੇ ਪੁਲਿਸ ਦੇ ਹਵਾਲੇ ਕਰੇਗਾ, ਉਸਨੂੰ ਇਨਾਮ ਦਿੱਤਾ ਜਾਵੇਗਾ। ਹਾਲਾਂਕਿ, (ਬਾਕੀ ਸਫਾ 2 'ਤੇ)

## ਐਲ.ਪੀ.ਜੀ. ਸਬੰਧੀ ਅਫਵਾਹਾਂ 'ਤੇ ਕੇਂਦਰ ਵੱਲੋਂ ਸੂਬਿਆਂ ਨੂੰ ਰੋਜ਼ ਪ੍ਰੈਸ ਬ੍ਰੀਫਿੰਗ ਦੇ ਨਿਰਦੇਸ਼

ਨਵੀਂ ਦਿੱਲੀ, 3 ਅਪ੍ਰੈਲ (ਚ.ਨ.ਸ.):ਦੇਸ਼ ਵਿਚ ਐਲ.ਪੀ.ਜੀ. ਤੇ ਹੋਰ ਪੈਟਰੋਲੀਅਮ ਉਤਪਾਦਾਂ ਦੀ ਉਪਲਬਧਤਾ ਨੂੰ ਲੈ ਕੇ ਫੈਲ ਰਹੀਆਂ ਅਫਵਾਹਾਂ 'ਤੇ ਕੇਂਦਰ ਸਰਕਾਰ ਨੇ ਸਖਤ ਰੁਖ਼ ਅਪਣਾਇਆ ਹੈ। ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰਾਲੇ ਨੇ ਇਸ ਸਬੰਧੀ ਸਾਰੇ ਸੂਬਿਆਂ ਤੇ ਕੇਂਦਰ ਸ਼ਾਸਿਤ ਸੂਬਿਆਂ ਦੇ ਮੁੱਖ ਸਕੱਤਰਾਂ ਨੂੰ ਚਿੱਠੀ ਲਿਖ ਕੇ ਆਮ ਲੋਕਾਂ ਤੱਕ ਸਹੀ, ਸਪੱਸ਼ਟ ਤੇ ਤੱਥਾਤਮਕ ਜਾਣਕਾਰੀ ਪਹੁੰਚਾਉਣ ਦੇ ਨਿਰਦੇਸ਼ ਦਿੱਤੇ ਹਨ। ਮੰਤਰਾਲੇ ਨੇ ਕਿਹਾ ਕਿ ਹੁਣੇ ਜਿਹੇ ਸੋਸ਼ਲ ਮੀਡੀਆ ਤੇ ਕੁਝ ਹੋਰ ਮਾਧਿਅਮਾਂ 'ਤੇ ਗੈਸ ਦੀ ਕਮੀ ਤੇ ਕੀਮਤਾਂ ਨੂੰ ਲੈ ਕੇ ਗਲਤ ਖਬਰਾਂ ਫੈਲਾਈਆਂ ਜਾ ਰਹੀਆਂ ਹਨ। ਇਨ੍ਹਾਂ ਅਫਵਾਹਾਂ ਦੀ ਵਜ੍ਹਾ ਤੋਂ ਲੋਕਾਂ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ ਜਿਸ ਕਰਕੇ ਕਈ ਥਾਵਾਂ 'ਤੇ ਜਮ੍ਹਾਖੋਰੀ ਤੇ ਕਾਲਾਬਾਜ਼ਾਰੀ ਵਰਗੀਆਂ ਸਮੱਸਿਆਵਾਂ ਸਾਹਮਣੇ ਆਈਆਂ ਹਨ ਜਿਸ ਕਰਕੇ ਵੰਡ ਪ੍ਰਣਾਲੀ 'ਤੇ ਵਾਧੂ ਬੋਝ ਵੀ ਪੈ ਰਿਹਾ ਹੈ। ਕੇਂਦਰ ਮੁਤਾਬਕ ਫਿਲਹਾਲ ਸਿਰਫ 17 ਸੂਬਿਆਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਹੀ ਰੈਗੂਲਰ ਜਾਂ ਲੋੜ 'ਤੇ ਆਧਾਰਿਤ ਪ੍ਰੈੱਸ ਬ੍ਰੀਫਿੰਗ ਕਰ ਰਹੇ ਹਨ। ਇਨ੍ਹਾਂ ਵਿਚ ਉੱਤਰ ਪ੍ਰਦੇਸ਼, ਬਿਹਾਰ, (ਬਾਕੀ ਸਫਾ 2 'ਤੇ)

ਬੀ.ਜੇ.ਪੀ. ਦ਼ਫਤਰ ਧਮਾਕਾ ਮਾਮਲੇ 'ਚ ਮੁੱਖ ਮੰਤਰੀ ਦਾ ਵਿਰੋਧੀਆਂ 'ਤੇ ਤੰਜ

# ਚੰਡੀਗੜ੍ਹ 'ਚ ਜੋ ਗ਼ਲਤ ਹੁੰਦੈ ਕੀ ਉਸ ਲਈ ਮੈਂ ਜ਼ਿੰਮੇਵਾਰ ਹਾਂ: ਮਾਨ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 3 ਅਪ੍ਰੈਲ :ਚੰਡੀਗੜ੍ਹ ਵਿਚ ਬੀ.ਜੇ.ਪੀ. ਦਫਤਰ 'ਤੇ ਹੋਏ ਬਲਾਸਟ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਰੋਧੀਆਂ 'ਤੇ ਤੰਜ ਕੱਸਦਿਆਂ ਕਿਹਾ ਕਿ ਚੰਡੀਗੜ੍ਹ ਵਿਚ ਜੋ ਗਲਤ ਹੁੰਦਾ ਹੈ, ਉਹ ਭਗਵੰਤ ਮਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਜੇ ਬੀ.ਜੇ.ਪੀ. ਦਫਤਰ 'ਤੇ ਹੋਏ ਧਮਾਕੇ ਦੇ ਦੋਸ਼ੀ ਪੰਜਾਬ ਪੁਲਿਸ ਨੇ ਅਰੈਸਟ ਕੀਤੇ ਤਾਂ ਵੀ ਭਗਵੰਤ ਮਾਨ ਹੀ ਦੋਸ਼ੀ ਹੈ। ਪੰਜਾਬ ਪੁਲਿਸ ਚੰਡੀਗੜ੍ਹ ਪੁਲਿਸ ਦਾ ਸਹਿਯੋਗ ਕਰੇਗੀ। ਅਸੀਂ ਤਾਂ ਫੌਜ ਨੂੰ ਮਦਦ ਕਰਦੇ ਹਾਂ।

ਸੀ.ਐੱਮ.ਮਾਨ ਚੰਡੀਗੜ੍ਹ ਵਿਚ ਅੱਜ ਚਾਰ ਸਾਲ ਵਿਚ ਕੀਤੇ ਗਏ ਗਏ ਕੰਮ ਗਿਣਾ ਰਹੇ ਸਨ। ਇਸ ਦੌਰਾਨ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਵਿਚ ਜੋ ਕੁਝ ਗਲਤ ਹੋਇਆ ਹੈ, ਉਹ ਨਹਿਰੂ ਕਰ ਗਏ, ਲਾਲ ਬਹਾਦੁਰ ਸ਼ਾਸਤਰੀ ਕਰ ਗਏ। ਇਹ ਤਾਂ ਅੰਬੇਡਕਰ ਸਾਹਿਬ ਨੂੰ ਵੀ ਚੰਗਾ-ਮਾੜਾ ਕਹਿਣ ਲੱਗ ਜਾਂਦੇ ਹਨ। ਚੰਡੀਗੜ੍ਹ ਵਿੱਚ ਭਾਜਪਾ ਦਫਤਰ 'ਤੇ ਹਮਲੇ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਚੰਡੀਗੜ੍ਹ ਪੁਲਿਸ



ਨਾਲ ਸਹਿਯੋਗ ਕਰੇਗੀ। ਇਸ ਦਾ ਮਤਲਬ ਇਹ ਨਹੀਂ ਹੈ ਕਿ ਜੇਕਰ ਪੰਜਾਬ ਪੁਲਿਸ ਦੋਸ਼ੀਆਂ ਨੂੰ ਗ੍ਰਿਫਤਾਰ ਕਰਦੀ ਹੈ, ਤਾਂ ਭਗਵੰਤ ਮਾਨ ਦੋਸ਼ੀ ਹੈ। ਅਸੀਂ ਉਨ੍ਹਾਂ ਨਾਲ ਸਹਿਯੋਗ ਕਰਾਂਗੇ।

ਅਸੀਂ ਫੌਜ ਦਾ ਵੀ ਸਮਰਥਨ ਕਰਦੇ ਹਾਂ। ਇਸ ਤੋਂ ਇਲਾਵਾ ਜੇਕਰ ਸਾਨੂੰ ਵਿਦੇਸ਼ਾਂ ਵਿੱਚ ਰਹਿੰਦੇ ਗੈਂਗਸਟਰਾਂ ਅਤੇ ਅੱਤਵਾਦੀਆਂ ਨਾਲ ਸਬੰਧ ਮਿਲਦੇ ਹਨ, ਤਾਂ ਅਸੀਂ ਭਾਰਤ ਦੇ ਗ੍ਰਹਿ ਮੰਤਰਾਲੇ ਨਾਲ ਸਹਿਯੋਗ ਕਰਕੇ ਉਨ੍ਹਾਂ ਨੂੰ ਵਾਪਸ ਲੈ ਕੇ ਆਉਂਦੇ ਹਾਂ। ਇਸ ਦੌਰਾਨ ਪੰਜਾਬ ਦੇ ਕਮਿਸ਼ਨ ਏਜੰਟਾਂ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਕੋਲ ਪਹੁੰਚ ਕਰਨ ਅਤੇ ਖਰੀਦ ਬਾਰੇ ਚਿੰਤਾ ਪ੍ਰਗਟ ਕਰਨ ਦੇ ਸਵਾਲ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ (ਕਮਿਸ਼ਨ ਏਜੰਟਾਂ) ਨੂੰ ਹਰਿਆਣਾ ਜਾਣਾ ਚਾਹੀਦਾ ਹੈ ਅਤੇ ਕਮਿਸ਼ਨ ਦਾ ਕਾਰੋਬਾਰ ਕਰਨਾ ਚਾਹੀਦਾ ਹੈ। ਉਹ ਹਰ ਚੀਜ਼ ਵਿੱਚ ਹਰਿਆਣਾ ਨੂੰ ਸ਼ਾਮਲ ਕਰਦੇ ਹਨ।

ਹਰਿਆਣਾ ਸੰਗਰੂਰ ਜ਼ਿਲ੍ਹੇ ਜਿੰਨਾ ਕਣਕ ਅਤੇ ਝੋਨਾ ਵੀ ਪੈਦਾ ਨਹੀਂ ਕਰਦਾ। ਹਰਿਆਣਾ ਵਿੱਚ ਘਰਾਂ ਅਤੇ ਖੇਤਾਂ ਲਈ ਬਿਜਲੀ ਦੇ ਬਿੱਲ ਮੁਆਫ਼ ਨਹੀਂ ਕੀਤੇ ਜਾਂਦੇ। ਜੋ ਵੀ ਕੇਂਦਰ ਸਰਕਾਰ ਕੋਲ ਹੈ, ਉਨ੍ਹਾਂ ਨੂੰ ਕੇਂਦਰ ਸਰਕਾਰ ਕੋਲ ਉਠਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਭਗਵੰਤ ਮਾਨ ਦੇ ਕੰਮ ਦੀ ਚਿੰਤਾ ਕਿਉਂ ਹੈ? (ਬਾਕੀ ਸਫਾ 2 'ਤੇ)

## 'ਲੱਗਦੈ ਕਿ ਚੱਢਾ ਨੇ ਸਮਝੌਤਾ ਕਰ ਲਿਐ'

### ਮੇਰੀ ਚੁੱਪ ਨੂੰ ਹਾਰ ਨਾ ਸਮਝਿਆ ਜਾਵੇ:ਚੱਢਾ

ਚੰਡੀਗੜ੍ਹ, 3 ਅਪ੍ਰੈਲ (ਚ.ਨ.ਸ.):ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਕਿਹਾ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਪਾਰਟੀ ਦੇ ਰਾਜ ਸਭਾ ਮੈਂਬਰ ਪਾਰਲੀਮੈਂਟ (ਰਾਘਵ ਚੱਢਾ) ਨੇ ਸਮਝੌਤਾ ਕਰ ਲਿਆ ਹੈ। ਮਾਨ ਨੇ ਅੱਜ ਸਵੇਰੇ ਚੱਢਾ ਵੱਲੋਂ ਜਾਰੀ ਕੀਤੇ ਬਿਆਨ ਸਬੰਧੀ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਇਹ ਟਿੱਪਣੀ ਕੀਤੀ। ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ, 'ਜੇ ਉਹ ਉਨ੍ਹਾਂ ਅਹਿਮ ਮੁੱਦਿਆਂ 'ਤੇ ਵਾਕ-ਆਊਟ ਨਹੀਂ ਕਰਦੇ ਜਿੱਥੇ ਪਾਰਟੀ ਨੇ ਇੱਕ ਖਾਸ ਲਾਈਨ ਲਈ ਹੋਵੇ; ਪੱਛਮੀ ਬੰਗਾਲ ਵਿੱਚ ਵੋਟਾਂ ਕੱਟਣ ਵਿਰੁੱਧ ਬੋਲਣ ਲਈ ਤਿਆਰ ਨਹੀਂ ਹਨ; ਜਾਂ ਪਾਰਟੀ ਵਰਕਰਾਂ ਨੂੰ ਗ੍ਰਿਫਤਾਰ ਕਰਨ ਲਈ ਗੁਜਰਾਤ (ਬਾਕੀ ਸਫਾ 2 'ਤੇ)

## ਲੁਟੇਰਿਆਂ ਨੇ ਦਿਨ-ਦਿਹਾੜੇ ਸਰਕਾਰੀ ਬੱਸ ਨੂੰ ਰੋਕ ਕੇ ਕੀਤੀ ਲੁੱਟ

ਚੜ੍ਹਦੀਕਲਾ ਬਿਊਰੋ

================




ਕਪੂਰਥਲਾ, 3 ਅਪ੍ਰੈਲ : ਜ਼ਿਲ੍ਹੇ 'ਚ ਦਿਨ-ਦਿਹਾੜੇ ਸਰਕਾਰੀ ਬੱਸ ਵਿਚ ਲੁੱਟ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਲੁਟੇਰਿਆਂ ਨੇ ਚੱਲਦੀ ਪੀਆਰਟੀਸੀ ਦੀ ਬੱਸ ਨੂੰ ਰੋਕ ਕੇ ਬੱਸ ਕੰਡਕਟਰ ਤੋਂ ਪੈਸਿਆਂ ਨਾਲ ਭਰਿਆ ਬੈਗ ਖੋਹ ਲਿਆ ਤੇ ਮੌਕੇ ਤੋਂ ਫਰਾਰ ਹੋ ਗਏ। ਇਹ ਵਾਰਦਾਤ ਕਪੂਰਥਲਾ-ਸੁਲਤਾਨਪੁਰ ਰੋਡ 'ਤੇ ਵਾਪਰੀ। ਪੁਲਿਸ ਵੱਲੋਂ ਪੂਰੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਕ ਜਲੰਧਰ ਡਿਪੂ 2 ਬੱਸ ਜਲੰਧਰ ਤੋਂ ਸੁਲਤਾਨਪੁਰ ਜਾ ਰਹੀ ਸੀ। ਬੱਸ ਕੰਡਕਟਰ ਮੁਤਾਬਕ ਲੁਟੇਰੇ ਇੱਕ ਕਾਰ ਵਿੱਚ ਆਏ। ਉਨ੍ਹਾਂ ਨੇ ਪਹਿਲਾਂ ਬੱਸ ਨੂੰ ਰਸਤਾ ਦੇਣ ਲਈ ਕਿਹਾ ਅਤੇ ਫਿਰ ਅਚਾਨਕ ਆਪਣੀ ਕਾਰ ਬੱਸ ਦੇ ਅੱਗੇ ਖੜ੍ਹੀ ਕਰਕੇ ਬੱਸ ਨੂੰ ਰੋਕ ਲਿਆ। ਦੱਸਿਆ ਗਿਆ ਹੈ ਕਿ ਜਿਵੇਂ ਹੀ ਬੱਸ ਰੁਕੀ, ਲੁਟੇਰੇ ਤੇਜ਼ਧਾਰ ਹਥਿਆਰ ਲੈ ਕੇ ਬੱਸ ਵਿੱਚ ਦਾਖਲ ਹੋ ਗਏ ਅਤੇ ਪੈਸੇ ਮੰਗਣ ਲੱਗੇ। ਫਿਰ ਉਨ੍ਹਾਂ ਨੇ ਕੰਡਕਟਰ ਦਾ 900 ਰੁਪਏ ਵਾਲਾ ਬੈਗ ਖੋਹ ਲਿਆ ਅਤੇ ਤੇਜ਼ੀ ਨਾਲ ਭੱਜ ਗਏ। ਰਿਪੋਰਟਾਂ ਮੁਤਾਬਕ ਬੈਗ ਵਿੱਚ 900 ਰੁਪਏ ਨਕਦ ਸਨ। ਘਟਨਾ ਵੇਲੇ ਬੱਸ ਵਿੱਚ ਜ਼ਿਆਦਾਤਰ ਮਹਿਲਾ ਯਾਤਰੀਆਂ ਸਵਾਰ ਸਨ। ਘਟਨਾ ਨਾਲ ਯਾਤਰੀਆਂ ਵਿਚ ਦਹਿਸ਼ਤ ਫੈਲ ਗਈ। ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਲੁਟੇਰੇ ਮੌਕੇ ਤੋਂ ਫਰਾਰ ਹੋ ਗਏ।

# ਪੰਜਾਬ 'ਚ ਅਗਲੇ 2 ਦਿਨਾਂ ਲਈ ਭਾਰੀ ਮੀਂਹ ਤੇ ਗੜ੍ਹੇਮਾਰੀ ਦਾ ਅਲਰਟ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 3 ਅਪ੍ਰੈਲ : ਪੰਜਾਬ ਤੇ ਚੰਡੀਗੜ੍ਹ ਵਿਚ ਮੌਸਮ ਫਿਰ ਤੋਂ ਕਰਵਟ ਲਵੇਗਾ। ਵਿਭਾਗ ਵੱਲੋਂ ਅੱਜ ਤੇ ਕੱਲ੍ਹ ਲਈ ਮੀਂਹ ਦੀ ਸੰਭਾਵਨਾ ਪ੍ਰਗਟਾਈ ਗਈ ਹੈ ਤੇ ਨਾਲ ਹੀ ਗੜ੍ਹੇਮਾਰੀ ਦੀ ਵੀ ਸੰਭਾਵਨਾ ਜਤਾਈ ਗਈ ਹੈ। ਤੇਜ਼ ਹਵਾਵਾਂ ਚੱਲਣਗੀਆਂ ਤੇ ਹਵਾਵਾਂ ਦੀ ਰਫਤਾਰ 50 ਤੋਂ 60 ਕਿਲੋਮੀਟਰ ਪ੍ਰਤੀ ਘੰਟ ਹੋਵੇਗੀ।

ਮੌਸਮ ਵਿਭਾਗ ਵੱਲੋਂ ਇਸ ਲਈ ਓਰੇਂਜ ਅਲਰਟ ਜਾਰੀ ਕੀਤਾ ਗਿਆ ਹੈ। ਪੰਜਾਬ ਦੇ ਕੁੱਲ 22 ਜ਼ਿਲ੍ਹਿਆਂ ਵਿਚ ਮੌਸਮ ਦਾ ਅਸਰ ਦੇਖਣ ਨੂੰ ਮਿਲੇਗਾ। ਇਨ੍ਹਾਂ ਵਿਚ ਪਠਾਨਕੋਟ, ਹੁਸ਼ਿਆਰਪੁਰ, ਰੂਪਨਗਰ, ਗੁਰਦਾਸਪੁਰ, ਨਵਾਂਸ਼ਹਿਰ, ਫਤਿਹਗੜ੍ਹ ਸਾਹਿਬ, ਪਟਿਆਲਾ, ਮੋਹਾਲੀ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ ਵਿਚ ਹਨ੍ਹੇਰੀ, ਬਿਜਲੀ ਦੇ ਨਾਲ ਗੜ੍ਹੇਮਾਰੀ ਦੀ ਸੰਭਾਵਨਾ ਹੈ ਤੇ ਸਾਰੇ ਜ਼ਿਲ੍ਹਿਆਂ ਵਿਚ ਬੱਦਲ ਛਾਏ ਰਹਿਣਗੇ। ਇਸ ਤੋਂ ਇਲਾਵਾ ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਲੁਧਿਆਣਾ, ਬਰਨਾਲਾ, ਮਾਨਸਾ, ਸੰਗਰੂਰ ਵਿਚ ਤੇਜ਼ ਹਵਾਵਾਂ (ਬਾਕੀ ਸਫਾ 2 'ਤੇ)

### ਭਾਰਤ-ਪਾਕਿ 'ਤੇ ਛਾਏ ਬੱਦਲ, ਪੰਜਾਬ ਸਮੇਤ ਪੰਜ ਸੂਬਿਆਂ 'ਚ ਪਵੇਗਾ ਅਸਰ

ਨਵੀਂ ਦਿੱਲੀ, 3 ਅਪ੍ਰੈਲ (ਚ.ਨ.ਸ.): ਦੇਸ਼ ਦੇ ਕਈ ਹਿੱਸਿਆਂ ਵਿੱਚ ਮੌਸਮ ਦੇ ਪੈਟਰਨ ਵਿੱਚ ਇੱਕ ਵਾਰ ਫਿਰ ਤਬਦੀਲੀ ਆਉਣ ਦੀ ਉਮੀਦ ਹੈ। ਸ਼ੁੱਕਰਵਾਰ ਨੂੰ, ਲਗਭਗ 1,000 ਕਿਲੋਮੀਟਰ ਤੱਕ ਫੈਲੇ ਬੱਦਲ ਭਾਰਤ ਅਤੇ ਪਾਕਿਸਤਾਨ ਦੇ ਕੁਝ ਹਿੱਸਿਆਂ ਉੱਤੇ ਘੁੰਮਦੇ ਦੇਖੇ ਗਏ। ਇਸ ਘਟਨਾ ਨੂੰ ਸੈਟੇਲਾਈਟ ਇਮੇਜਰੀ ਵਿੱਚ ਕੈਦ ਕੀਤਾ ਗਿਆ ਸੀ। ਬੱਦਲਾਂ ਦਾ ਇਹ ਸਮੂਹ ਇੱਕ ਮਜ਼ਬੂਤ ਪੱਛਮੀ ਗੜਬੜ ਦੀ ਮੌਜੂਦਗੀ ਦਾ (ਬਾਕੀ ਸਫਾ 2 'ਤੇ)

## ਸੰਸਦ ਵੱਲੋਂ 'ਜਨ ਵਿਸ਼ਵਾਸ' ਬਿੱਲ ਪਾਸ, ਛੋਟੇ ਅਪਰਾਧਾਂ 'ਚ ਰਾਹਤ ਤੇ ਵਪਾਰ 'ਚ ਮਿਲੇਗੀ ਸੌਖ

ਨਵੀਂ ਦਿੱਲੀ, 3 ਅਪ੍ਰੈਲ (ਚ.ਨ.ਸ.):ਸੰਸਦ ਨੇ 'ਜਨ ਵਿਸ਼ਵਾਸ (ਉਪਬੰਧਾਂ ਦਾ ਸੋਧ) ਬਿੱਲ, 2026' ਨੂੰ ਪਾਸ ਕਰ ਦਿੱਤਾ ਹੈ। ਇਸ ਕਾਨੂੰਨ ਦੇ ਤਹਿਤ ਛੋਟੇ-ਮੋਟੇ ਅਪਰਾਧਾਂ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਕੀਤਾ ਜਾਵੇਗਾ ਅਤੇ 79 ਕੇਂਦਰੀ ਕਾਨੂੰਨਾਂ ਦੇ 784 ਪ੍ਰਬੰਧਾਂ 'ਚ ਬਦਲਾਅ ਕੀਤਾ ਜਾਵੇਗਾ। ਵਣਜ ਤੇ ਉਦਯੋਗ ਮੰਤਰੀ ਪੀਊਸ਼ ਗੋਇਲ ਨੇ ਦੱਸਿਆ ਕਿ ਇਸ ਬਿੱਲ ਦਾ ਮਕਸਦ ਦੇਸ਼ 'ਚ ਭਰੋਸੇ ਦਾ ਸੱਭਿਆਚਾਰ ਬਣਾਉਣਾ ਹੈ। ਉਨ੍ਹਾਂ ਨੇ ਕਿਹਾ ਕਿ ਵਿਸ਼ਵਾਸ ਦਾ ਸੱਭਿਆਚਾਰ ਡਰ 'ਤੇ ਨਹੀਂ, ਸਗੋਂ ਵਿਸ਼ਵਾਸ 'ਤੇ ਆਧਾਰਿਤ ਹੋਵੇਗਾ। ਇਹ ਕਾਨੂੰਨ ਲੋਕਾਂ ਨੂੰ ਸੁਧਾਰ ਦਾ ਮੌਕਾ ਦੇਵੇਗਾ। ਪਹਿਲਾਂ ਚਿਤਾਵਨੀ, ਫਿਰ ਦੰਡ ਅਤੇ ਗੰਭੀਰ ਗਲਤੀ 'ਤੇ ਅਦਾਲਤ ਦਾ ਸਾਹਮਣਾ, ਇਸ ਤਰ੍ਹਾਂ ਪੜਾਅਵਾਰ ਕਾਰਵਾਈ ਹੋਵੇਗੀ। (ਬਾਕੀ ਸਫਾ 2 'ਤੇ)

## ਭਾਈ ਰਾਜੋਆਣਾ ਵੱਲੋਂ ਰਹਿਮ ਦੀ ਅਪੀਲ ਵਾਪਸ ਲੈਣ ਸਬੰਧੀ ਉਨ੍ਹਾਂ ਦੀਆਂ ਭਾਵਨਾਵਾਂ ਜਾਇਜ਼: ਜਥੇ. ਗੜਗੱਜ

### ਪਿੰਡਾਂ ਦੇ ਲੋਕ ਦੁੱਧ ਮਿਲਾਵਟਖੋਰੀ ਤੋਂ ਬੱਚਣ ਲਈ ਪਸ਼ੂ ਪਾਲਕਾਂ ਵਾਲਾ ਰਿਵਾਇਤੀ ਕਿੱਤਾ ਅਪਨਾਉਣ

ਚੜ੍ਹਦੀਕਲਾ ਬਿਊਰੋ

================



ਮੁਹਾਲੀ, 3 ਅਪ੍ਰੈਲ : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਭਾਈ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਜੇਲ੍ਹ 'ਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਲਿਖ ਕੇ ਰਹਿਮ ਦੀ ਅਪੀਲ ਵਾਪਸ ਲੈਣ ਸਬੰਧੀ ਕਿਹਾ ਗਿਆ ਹੈ ਜਿਸ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਜਥੇਦਾਰ ਗੜਗੱਜ ਸਮਰਾਲਾ ਵਿਖੇ ਗੁਰੂ ਮਾਨਿਓ ਚੇਤਨਾ ਸਮਾਗਮ ਤਹਿਤ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪੁੱਜੇ ਸਨ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਦੀਆਂ ਭਾਵਨਾਵਾਂ ਜਾਇਜ਼ ਹਨ ਕਿਉਂਕਿ ਉਨ੍ਹਾਂ ਨੂੰ ਜੇਲ ਵਿਚ ਅਜਿਹੀ ਕਾਲ ਕੋਠੜੀ ਵਿਚ ਬੰਦ ਕੀਤਾ ਗਿਆ ਹੈ ਜਿੱਥੇ ਬੰਦਾ ਸਹੀ ਢੰਗ ਨਾਲ ਬੈਠ ਵੀ ਨਹੀਂ ਸਕਦਾ। ਉਨ੍ਹਾਂ ਕਿਹਾ ਕਿ ਉਹ ਜੇਲ ਵਿਚ ਅਜਿਹੀ ਸਜ਼ਾ ਪਿਛਲੇ ਕਈ ਸਾਲਾਂ ਤੋਂ ਭੁਗਤ ਰਹੇ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ 2019 ਵਿਚ ਜਦੋਂ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਤਾਂ ਉਸ ਸਮੇਂ ਕੇਂਦਰ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਅਤੇ ਬਾਕੀ (ਬਾਕੀ ਸਫਾ 2 'ਤੇ)

## ਰਾਸ਼ਟਰਪਤੀ ਰਾਜ ਲਈ ਅਸ਼ਾਂਤੀ ਪੈਦਾ ਕਰ ਰਹੀ ਹੈ ਭਾਜਪਾ: ਮਮਤਾ

ਸੁਤੀ/ਸਾਗਰਡਿੱਗੀ (ਪੱਛਮੀ ਬੰਗਾਲ), 3 ਅਪ੍ਰੈਲ (ਚ.ਨ.ਸ.): ਮੁੱਖ ਮੰਤਰੀ ਮਮਤਾ ਬੈਨਰਜੀ ਨੇ ਮਾਲਦਾ ਵਿੱਚ ਨਿਆਂਇਕ ਅਧਿਕਾਰੀਆਂ ਦੇ ਘਿਰਾਓ ਦੀ ਨਿਖੇਧੀ ਕਰਦਿਆਂ ਕਿਹਾ ਕਿ ਭਾਜਪਾ ਅਸ਼ਾਂਤੀ ਵਾਲਾ ਮਾਹੌਲ ਪੈਦਾ ਕਰ ਕੇ ਅਸੈਂਬਲੀ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ ਰਾਸ਼ਟਰਪਤੀ ਰਾਜ ਲਈ ਰਾਹ ਪੱਧਰਾ ਕਰਨਾ ਚਾਹੁੰਦੀ ਹੈ।

ਮਮਤਾ ਨੇ ਮੁਰਸ਼ਿਦਾਬਾਦ ਜ਼ਿਲ੍ਹੇ ਵਿੱਚ ਸਾਗਰਡਿੱਗੀ ਤੇ ਸੁਤੀ 'ਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਲੋਕਾਂ ਨੂੰ ਕਿਹਾ ਕਿ ਉਹ ਦੰਗਿਆਂ ਬਾਰੇ 'ਭਾਜਪਾ ਦੇ ਜਾਲ' ਵਿੱਚ ਨਾ ਫਸਣ। ਉਨ੍ਹਾਂ ਚੋਣ ਕਮਿਸ਼ਨ 'ਤੇ ਨਿਆਂਇਕ ਅਧਿਕਾਰੀਆਂ ਦੀ ਸੁਰੱਖਿਆ 'ਚ ਨਾਕਾਮ ਰਹਿਣ ਦਾ ਦੋਸ਼ ਲਾਇਆ। ਮਮਤਾ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਦਖ਼ਲ ਮਗਰੋਂ ਉਨ੍ਹਾਂ ਦੀਆਂ ਪ੍ਰਸ਼ਾਸਨਿਕ ਸ਼ਕਤੀਆਂ ਖੋਹਣ ਦੇ ਬਾਵਜੂਦ ਉਹ ਸਿਆਸੀ ਤੌਰ 'ਤੇ ਲੜਾਈ ਲੜ ਰਹੀ ਹੈ।

# ਪੱਛਮੀ ਬੰਗਾਲ ਸਭ ਤੋਂ ਵੱਧ 'ਧਰੁਵੀਕ੍ਰਿਤ ਰਾਜ': ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 3 ਅਪ੍ਰੈਲ (ਚ.ਨ.ਸ.): ਸੁਪਰੀਮ ਕੋਰਟ ਨੇ ਅੱਜ ਪੱਛਮੀ ਬੰਗਾਲ ਨੂੰ 'ਸਭ ਤੋਂ ਵੱਧ ਧਰੁਵੀਕ੍ਰਿਤ ਰਾਜ' ਕਰਾਰ ਦਿੱਤਾ। ਕੋਰਟ ਨੇ ਮਾਲਦਾ ਜ਼ਿਲ੍ਹੇ ਵਿੱਚ ਸੱਤ ਨਿਆਂਇਕ ਅਧਿਕਾਰੀਆਂ ਦੇ ਘਿਰਾਓ ਤੇ ਹਮਲੇ ਖ਼ਿਲਾਫ਼ ਕਾਰਵਾਈ 'ਚ 'ਮੁਕੰਮਲ ਨਾਕਾਮੀ' ਲਈ ਬੰਗਾਲ ਪ੍ਰਸ਼ਾਸਨ ਦੀ ਖਾਸੀ ਖਿਚਾਈ ਕੀਤੀ। ਕੋਰਟ ਨੇ ਇਸ ਪੂਰੇ ਮਾਮਲੇ ਦੀ ਸੀ ਬੀ ਆਈ ਜਾਂ ਐੱਨ ਆਈ ਏ ਜਾਂਚ ਦੇ ਹੁਕਮ ਦਿੰਦਿਆਂ ਚੋਣਾਂ ਵਾਲੇ ਰਾਜ ਵਿੱਚ ਕੇਂਦਰੀ ਬਲਾਂ ਦੀ ਤਾਇਨਾਤੀ ਦੇ ਹੁਕਮ ਦਿੱਤੇ ਹਨ। ਕੋਰਟ ਨੇ ਸੂਬੇ ਦੇ ਮੁੱਖ ਸਕੱਤਰ, ਡੀ ਜੀ ਪੀ ਤੇ ਜ਼ਿਲ੍ਹਾ ਮੈਜਿਸਟਰੇਟ ਅਤੇ ਮਾਲਦਾ ਦੇ ਐੱਸ ਐੱਸ ਪੀ ਨੂੰ 6 ਅਪ੍ਰੈਲ ਨੂੰ ਵਰਚੁਅਲੀ ਪੇਸ਼ ਹੋਣ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਬੰਗਾਲ ਪ੍ਰਸ਼ਾਸਨ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਇਸ ਘਟਨਾ ਨੇ ਸੂਬਾਈ ਪ੍ਰਸ਼ਾਸਨ ਦੀ ਮੁਕੰਮਲ ਨਾਕਾਮੀ ਨੂੰ ਉਜਾਗਰ ਕੀਤਾ ਹੈ। ਇਹ 'ਨਿਆਂਇਕ ਅਧਿਕਾਰੀਆਂ ਨੂੰ



ਨਾ ਸਿਰਫ਼ ਡਰਾਉਣ ਧਮਕਾਉਣ ਦਾ ਕੋਝਾ ਯਤਨ ਸੀ', ਬਲਕਿ ਇਹ ਸਰਬਉੱਚ ਕੋਰਟ ਦੇ ਅਧਿਕਾਰ ਨੂੰ ਚੁਣੌਤੀ ਦੇਣ ਦੇ ਬਰਾਬਰ ਸੀ। ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਹੇਠਲੇ ਬੈਂਚ ਨੇ ਇਸ ਦਾਅਵੇ ਨੂੰ ਖਾਰਜ ਕਰ ਦਿੱਤਾ ਕਿ ਇਹ 'ਗੈਰਸਿਆਸੀ ਪ੍ਰਦਰਸ਼ਨ' ਸੀ। ਬੈਂਚ ਨੇ ਕਿਹਾ ਕਿ 'ਇਹ ਕੋਈ ਨਿਯਮਤ ਘਟਨਾ ਨਹੀਂ ਸੀ, ਸਗੋਂ ਨਿਆਂਇਕ ਅਧਿਕਾਰੀਆਂ ਦਾ ਹੌਸਲਾ ਡੇਗਣ ਲਈ ਗਿਣਮਿੱਥ ਕੇ ਤੇ ਜਾਣਬੁੱਝ ਕੇ ਚੁੱਕਿਆ ਕਦਮ' ਸੀ।ਸੀਜੇਆਈ ਨੇ ਕਿਹਾ, "ਜੇ ਪ੍ਰਦਰਸ਼ਨ ਗੈਰਸਿਆਸੀ ਸੀ, ਤਾਂ ਫਿਰ ਸਿਆਸੀ ਆਗੂ ਉਥੇ ਕੀ ਕਰ ਰਹੇ ਸਨ? ਕੀ ਉਨ੍ਹਾਂ ਦਾ ਇਹ ਫ਼ਰਜ਼ ਨਹੀਂ ਸੀ ਕਿ ਉਹ ਮੌਕੇ 'ਤੇ ਜਾ ਕੇ ਦੇਖਦੇ ਕਿ ਕੀ ਹੋ ਰਿਹਾ ਸੀ? ਉਥੇ ਅਮਨ ਕਾਨੂੰਨ ਨੂੰ ਆਪਣੇ ਹੱਥਾਂ 'ਚ ਲੈਣ ਦੀ ਕੋਸ਼ਿਸ਼ ਕੀਤੀ ਗਈ? ਸ਼ਾਮੀਂ ਪੰਜ ਵਜੇ ਇਨ੍ਹਾਂ ਲੋਕਾਂ ਨੇ ਅਧਿਕਾਰੀਆਂ ਦਾ ਘਿਰਾਓ ਕੀਤਾ, ਜੋ 11 ਵਜੇ ਤੱਕ ਜਾਰੀ ਰਿਹਾ। ਤੁਹਾਡਾ ਕੁਲੈਕਟਰ ਉਥੇ ਨਹੀਂ ਸੀ।" ਕੋਰਟ ਨੇ ਚੋਣ ਕਮਿਸ਼ਨ ਨੂੰ ਹਦਾਇਤ ਕੀਤੀ ਕਿ ਉਹ ਉਨ੍ਹਾਂ ਸਾਰੀਆਂ ਥਾਵਾਂ 'ਤੇ ਕੇਂਦਰੀ ਬਲਾਂ ਦੀ ਤਾਇਨਾਤੀ ਯਕੀਨੀ ਬਣਾਏ ਜਿੱਥੇ ਨਿਆਂਇਕ ਅਧਿਕਾਰੀ ਐੱਸ ਆਈ ਆਰ ਦੇ ਅਮਲ ਦੌਰਾਨ ਵੋਟਰ ਸੂਚੀਆਂ 'ਚੋਂ ਨਾਂ ਕੱਟਣ ਬਾਰੇ ਇਤਰਾਜ਼ਾਂ 'ਤੇ ਕੰਮ ਕਰ ਰਹੇ ਹਨ। ਬੈਂਚ ਨੇ ਕਿਹਾ ਕਿ ਕਮਿਸ਼ਨ ਕਿਸੇ ਸੁਤੰਤਰ ਏਜੰਸੀ- ਜਿਵੇਂ ਸੀ ਬੀ ਆਈ ਜਾਂ ਐੱਨ ਆਈ ਏ ਤੋਂ ਘਿਰਾਓ ਮਾਮਲੇ ਦੀ ਜਾਂਚ ਕਰਵਾਏ। ਬੈਂਚ, ਜਿਸ ਵਿੱਚ ਜਸਟਿਸ ਜੌਇਮਾਲਿਆ ਬਾਗਚੀ ਤੇ ਵਿਪੁਲ ਐੱਮ ਪੰਚੋਲੀ ਵੀ (ਬਾਕੀ ਸਫਾ 2 'ਤੇ)

## ਡੇਅਰੀ ਕਿਸਾਨਾਂ ਲਈ ਖੁਸ਼ਖਬਰੀ, ਮਾਨ ਸਰਕਾਰ ਨੇ ਵਧਾਏ ਦੁੱਧ ਦੇ ਭਾਅ

ਚੰਡੀਗੜ੍ਹ, 3 ਅਪ੍ਰੈਲ (ਚ.ਨ.ਸ.): ਪੰਜਾਬ ਸਰਕਾਰ ਨੇ ਵੇਰਕਾ ਲਈ ਦੁੱਧ ਦੀ ਖਰੀਦ ਦਰਾਂ ਵਧਾ ਦਿੱਤੀਆਂ ਹਨ। ਡੇਅਰੀ ਉਤਪਾਦਕਾਂ ਤੋਂ ਖਰੀਦੇ ਜਾਣ ਵਾਲੇ ਦੁੱਧ ਵਿੱਚ ਪ੍ਰਤੀ ਕਿਲੋਗ੍ਰਾਮ ਫੈਟ ਦੇ ਹਿਸਾਬ ਨਾਲ 15 ਰੁਪਏ ਦਾ ਵਾਧਾ ਕੀਤਾ ਗਿਆ ਹੈ, ਜੋ ਕਿ 1 ਅਪ੍ਰੈਲ ਤੋਂ ਲਾਗੂ ਕੀਤੀ ਗਈ ਹੈ। ਹਾਲਾਂਕਿ ਵੇਰਕਾ ਦੁੱਧ ਦਾ ਬਾਜ਼ਾਰ ਮੁੱਲ ਅਜੇ ਤੱਕ ਨਹੀਂ ਵਧਿਆ ਹੈ, ਪਰ ਕਿਸਾਨਾਂ ਨੂੰ ਵੱਧ ਅਦਾਇਗੀ ਤੋਂ ਬਾਅਦ ਇਸ ਦੇ ਵੀ ਵਧਣ ਦੇ ਆਸਾਰ ਹਨ। ਇਸ ਤੋਂ ਪਹਿਲਾਂ ਜਲੰਧਰ ਵਿਚ ਡੇਅਰੀਆਂ ਵੱਲੋਂ ਪਹਿਲਾਂ ਹੀ 5 ਰੁਪਏ ਪ੍ਰਤੀ ਲੀਟਰ ਰੇਟ ਵਧਾਇਆ ਜਾ ਚੁੱਕਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਫੈਸਲਾ ਵਧਦੀ ਲਾਗਤ, ਪਸ਼ੂਆਂ ਦੀ ਖੁਰਾਕ ਅਤੇ ਹੋਰ ਖਰਚਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਗਿਆ ਸੀ, (ਬਾਕੀ ਸਫਾ 2 'ਤੇ)

## ਜਲ ਸੈਨਾ ਭਾਰਤੀ ਵਪਾਰਕ ਜਹਾਜ਼ਾਂ ਅਤੇ ਤੇਲ ਟੈਂਕਰਾਂ ਦੀ ਸੁਰੱਖਿਆ ਬਣਾਉਂਦੀ ਹੈ ਯਕੀਨੀ : ਰਾਜਨਾਥ



ਚੜ੍ਹਦੀਕਲਾ ਬਿਊਰੋ

================

ਵਿਸ਼ਾਖਾਪਟਨਮ, 3 ਅਪ੍ਰੈਲ : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਊਰਜਾ ਸਪਲਾਈ ਸਮੇਤ ਦੇਸ਼ ਦਾ 95 ਫੀਸਦੀ ਵਪਾਰ ਸਮੁੰਦਰੀ ਮਾਰਗ ਰਾਹੀਂ ਹੁੰਦਾ ਹੈ ਅਤੇ ਅਜਿਹੇ 'ਚ ਉਭਰਦੇ ਸਮੁੰਦਰੀ ਖਤਰਿਆਂ ਵਿਚਾਲੇ ਵਪਾਰਕ ਜਹਾਜ਼ਾਂ ਅਤੇ ਤੇਲ ਟੈਂਕਰਾਂ ਦੀ ਸੁਰੱਖਿਆ 'ਚ ਭਾਰਤੀ ਜਲ ਸੈਨਾ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਇੱਥੇ ਆਈਐੱਨਐੱਸ ਤਾਰਾਗਿਰੀ ਦੇ ਕਮਿਸ਼ਨਿੰਗ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਰੱਖਿਆ ਮੰਤਰੀ ਨੇ ਕਿਹਾ ਕਿ ਭਾਰਤੀ ਜਲ ਸੈਨਾ ਹਿੰਦ ਮਹਾਂਸਾਗਰ 'ਚ ਲਗਾਤਾਰ ਆਪਣੀ ਮੌਜੂਦਗੀ ਬਣਾਏ ਰੱਖਦੀ ਹੈ, ਭਾਵੇਂ ਉਹ ਫਾਰਸ ਦੀ ਖਾੜੀ ਹੋਵੇ ਜਾਂ ਮਲੱਕਾ ਜਲਸੰਧੀ। ਪੱਛਮੀ ਏਸ਼ੀਆ 'ਚ ਮੌਜੂਦਾ ਸਥਿਤੀਆਂ ਕਾਰਨ ਤੇਲ ਸਪਲਾਈ 'ਚ ਰੁਕਾਵਟ ਅਤੇ ਟੈਂਕਰਾਂ ਨੂੰ ਰੋਕੇ ਜਾਣ ਦੀ ਸਥਿਤੀ (ਬਾਕੀ ਸਫਾ 2 'ਤੇ)

## ਅਮਿਤ ਸ਼ਾਹ ਦੇ ਹੈਲੀਕਾਪਟਰ 'ਚ ਆਈ ਤਕਨੀਕੀ ਖ਼ਰਾਬੀ, ਚੋਣ ਰੈਲੀ ਕੀਤੀ ਰੱਦ

ਗੁਹਾਟੀ, 3 ਅਪ੍ਰੈਲ (ਚ.ਨ.ਸ.): ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਹੈਲੀਕਾਪਟਰ 'ਚ ਤਕਨੀਕੀ ਖ਼ਰਾਬੀ ਕਾਰਨ ਆਸਾਮ ਦੇ ਧੁਬਰੀ ਜ਼ਿਲ੍ਹੇ ਦੇ ਗੋਲਕਗੰਜ 'ਚ ਸ਼ੁੱਕਰਵਾਰ ਨੂੰ ਹੋਣ ਵਾਲੀ ਪਹਿਲੀ ਚੋਣ ਰੈਲੀ ਰੱਦ ਕਰ ਦਿੱਤੀ ਗਈ। ਪਾਰਟੀ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ।

ਸੂਤਰਾਂ ਅਨੁਸਾਰ, ਸ਼ਾਹ ਗੁਹਾਟੀ ਤੋਂ ਗੋਲਕਗੰਜ ਲਈ ਰਵਾਨਾ ਹੋਏ ਸਨ ਪਰ ਉਨ੍ਹਾਂ ਦਾ ਹੈਲੀਕਾਪਟਰ ਉਤਰ ਨਹੀਂ ਸਕਿਆ, ਜਿਸ ਦੇ ਕਾਰਨ ਰੈਲੀ ਰੱਦ ਕਰ ਦਿੱਤੀ ਗਈ। ਬਾਅਦ ਵਿੱਚ ਉਨ੍ਹਾਂ ਨੇ ਲੋਕਾਂ ਨੂੰ ਫੋਨ ਰਾਹੀਂ ਸੰਬੋਧਨ ਕੀਤਾ, ਰੈਲੀ 'ਚ ਸ਼ਾਮਲ ਨਾ ਹੋ ਸਕਣ ਲਈ ਮੁਆਫ਼ੀ ਮੰਗੀ ਅਤੇ ਭਾਜਪਾ ਦੇ ਉਮੀਦਵਾਰ ਅਸ਼ਵਨੀ ਰਾਏ ਸਰਕਾਰ ਨੂੰ ਵੋਟ ਦੇਣ ਦੀ ਅਪੀਲ ਕੀਤੀ ਤਾਂ ਕਿ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੂੰ ਮੁੜ ਤੋਂ 'ਮੁੱਖ ਮੰਤਰੀ' ਬਣਾਇਆ ਜਾ ਸਕੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ (ਬਾਕੀ ਸਫਾ 2 'ਤੇ)

## ਈਰਾਨੀ ਕੱਚਾ ਤੇਲ ਲੈ ਕੇ ਆ ਰਿਹਾ ਜਹਾਜ਼ ਭਾਰਤ ਦੀ ਥਾਂ ਚੀਨ ਵੱਲ ਮੁੜਿਆ



ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 3 ਅਪ੍ਰੈਲ : ਈਰਾਨੀ ਕੱਚੇ ਤੇਲ ਨਾਲ ਲੱਦਿਆ ਇੱਕ ਅਮਰੀਕੀ ਪਾਬੰਦੀਆਂ ਵਾਲਾ ਟੈਂਕਰ ਭਾਰਤ ਜਾਣ ਦੀ ਬਜਾਏ ਅੱਧ ਰਸਤਿਓਂ ਚੀਨ ਵੱਲ ਮੁੜ ਗਿਆ। ਜੇਕਰ ਇਹ ਜਹਾਜ਼ ਭਾਰਤ ਪਹੁੰਚਦਾ, ਤਾਂ ਇਹ ਪਿਛਲੇ ਲਗਭਗ ਸੱਤ ਸਾਲਾਂ ਵਿੱਚ ਈਰਾਨ ਤੋਂ ਤੇਲ ਦੀ ਪਹਿਲੀ ਖੇਪ ਹੁੰਦੀ। 2002 ਵਿੱਚ ਬਣੇ ਅਤੇ 2025 ਵਿੱਚ ਅਮਰੀਕਾ ਵੱਲੋਂ ਪਾਬੰਦੀਸ਼ੁਦਾ ਕੀਤੇ ਗਏ 'ਪਿੰਗ ਸ਼ੁਨ' ਨਾਮਕ ਇਸ ਐਫਰਾਮੈਕਸ ਟੈਂਕਰ ਨੇ ਹੁਣ ਗੁਜਰਾਤ ਦੇ ਵਾਡੀਨਾਰ ਦੀ ਬਜਾਏ ਚੀਨ ਦੇ ਡੋਂਗਯਿੰਗ ਨੂੰ ਆਪਣੀ ਮੰਜ਼ਿਲ (ਬਾਕੀ ਸਫਾ 2 'ਤੇ)

# ਰਾਘਵ ਚੱਢਾ ਜਨਤਕ ਮੁੱਦਿਆਂ 'ਤੇ ਮੋਦੀ ਸਰਕਾਰ ਵਿਰੁੱਧ ਬੋਲਣ ਤੋਂ ਕਿਉਂ ਡਰਦੇ ਹਨ: 'ਆਪ'

ਚੜ੍ਹਦੀਕਲਾ ਬਿਊਰੋ

================

### ਰਾਘਵ 'ਤੇ ਪੰਜਾਬ ਦੇ ਮੁੱਦਿਆਂ ਬਾਰੇ ਗੱਲ ਨਾ ਕਰਨ ਦੇ ਦੋਸ਼ ਲਾਏ

ਨਵੀਂ ਦਿੱਲੀ, 3 ਅਪ੍ਰੈਲ : ਆਮ ਆਦਮੀ ਪਾਰਟੀ ਨੇ ਪੰਜਾਬ ਰਾਜ ਸਭਾ ਮੈਂਬਰ ਰਾਘਵ ਚੱਢਾ ਦੇ ਬਿਆਨ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਨੂੰ ਡਿਪਟੀ ਲੀਡਰ ਦੇ ਅਹੁਦੇ ਤੋਂ ਹਟਾਉਣ ਨੂੰ ਇੱਕ ਆਮ ਕਾਰਵਾਈ ਦੱਸਿਆ ਹੈ। ਪਾਰਟੀ ਨੇ ਰਾਘਵ ਚੱਢਾ ਤੋਂ ਪੁੱਛਿਆ ਕਿ ਉਹ ਦੇਸ਼ ਅਤੇ ਪਾਰਟੀ ਨਾਲ ਸਬੰਧਤ ਮੁੱਦਿਆਂ 'ਤੇ ਭਾਜਪਾ ਜਾਂ ਮੋਦੀ ਸਰਕਾਰ ਵਿਰੁੱਧ ਬੋਲਣ ਤੋਂ ਕਿਉਂ ਡਰਦੇ ਹਨ। ਉਹ ਲਗਾਤਾਰ ਪਾਰਟੀ ਲਾਈਨ ਦੇ ਵਿਰੁੱਧ ਕੰਮ ਕਰ ਰਹੇ ਸਨ। ਉਨ੍ਹਾਂ ਨੇ ਕਈ ਵਾਰ ਪਾਰਟੀ ਵ੍ਹਿਪ ਦੀ ਉਲੰਘਣਾ ਕੀਤੀ, ਜਿਸ ਵਿੱਚ ਮੁੱਖ ਚੋਣ ਕਮਿਸ਼ਨਰ ਵਿਰੁੱਧ ਮਹਾਂਦੋਸ਼ ਪ੍ਰਸਤਾਵ 'ਤੇ ਦਸਤਖਤ ਕਰਨਾ ਅਤੇ



ਐਲ.ਪੀ.ਜੀ. ਸੰਕਟ 'ਤੇ ਸਦਨ ਵਿੱਚ ਬੋਲਣ ਤੋਂ ਇਨਕਾਰ ਕਰਨਾ ਸ਼ਾਮਲ ਹੈ। ਲੰਬੇ ਸਮੇਂ ਤੋਂ ਰਾਘਵ ਚੱਢਾ ਨੇ ਸੰਸਦ ਵਿੱਚ ਕੋਈ ਵੀ ਮੁੱਦਾ ਨਹੀਂ ਉਠਾਇਆ ਜੋ ਮੋਦੀ ਸਰਕਾਰ 'ਤੇ ਸਵਾਲ ਉਠਾਉਂਦਾ ਹੋਵੇ। ਪਾਰਟੀ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਸਾਰਿਆਂ ਨੂੰ ਨਿਡਰਤਾ ਅਤੇ ਹਿੰਮਤ ਨਾਲ ਲੜਨਾ ਸਿਖਾਇਆ ਹੈ ਪਰ ਰਾਘਵ ਚੱਢਾ ਭਾਜਪਾ ਅਤੇ ਮੋਦੀ ਸਰਕਾਰ 'ਤੇ ਸਵਾਲ ਉਠਾਉਣ ਤੋਂ ਡਰਦੇ ਹਨ। ਡਰ ਦੀ ਅਜਿਹੀ ਰਾਜਨੀਤੀ ਕਿਵੇਂ ਕੰਮ ਕਰ ਸਕਦੀ ਹੈ?

ਸੀਨੀਅਰ 'ਆਪ' ਆਗੂ ਅਤੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ, 'ਅਸੀਂ ਅਰਵਿੰਦ ਕੇਜਰੀਵਾਲ ਦੇ ਸੱਚੇ ਸਿਪਾਹੀ ਹਾਂ ਅਤੇ ਉਨ੍ਹਾਂ ਤੋਂ ਸਿਰਫ਼ ਇੱਕ ਗੱਲ ਸਿੱਖੀ ਹੈ: ਨਿਡਰਤਾ, ਹਿੰਮਤ ਅਤੇ ਬਹਾਦਰੀ ਨਾਲ ਲੜਨਾ ਅਤੇ ਸੰਘਰਸ਼ ਕਰਨਾ।' ਹਾਲਾਂਕਿ, ਇਹ ਬਹੁਤ ਦੁੱਖ ਦੀ ਗੱਲ ਹੈ ਕਿ ਜਦੋਂ ਮੁੱਖ ਚੋਣ ਕਮਿਸ਼ਨਰ ਵਿਰੁੱਧ ਵੱਖ-ਵੱਖ ਰਾਸ਼ਟਰੀ ਮੁੱਦਿਆਂ 'ਤੇ ਮਤਾ ਪੇਸ਼ ਕੀਤਾ ਜਾਂਦਾ ਹੈ ਤਾਂ (ਬਾਕੀ ਸਫਾ 2 'ਤੇ)

## ਅਮਰੀਕਾ 'ਚ ਗ਼ੈਰ-ਕਾਨੂੰਨੀ ਢੰਗ ਨਾਲ ਗਏ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਰੱਦ



ਚੜ੍ਹਦੀਕਲਾ ਬਿਊਰੋ

================

ਵਾਸ਼ਿੰਗਟਨ, 3 ਅਪ੍ਰੈਲ :ਅਮਰੀਕਾ ਦੇ ਇੰਡੀਆਨਾ ਰਾਜ ਨੇ ਸਾਰੇ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਦੇ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ। ਇੰਡੀਆਨਾ ਦੇ ਨਵੇਂ ਕਾਨੂੰਨ ਦੇ ਨਤੀਜੇ ਵਜੋਂ 1,790 ਡਰਾਈਵਰਾਂ ਦੀਆਂ ਨੌਕਰੀਆਂ ਚਲੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ ਅਤੇ ਹਰਿਆਣਾ ਦੇ ਹਨ। ਹੁਣ ਇਸ ਕਾਨੂੰਨ ਨੂੰ ਪੂਰੇ ਅਮਰੀਕਾ ਵਿੱਚ ਲਾਗੂ ਕਰਨ ਲਈ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਜੇ ਅਮਰੀਕਾ ਭਰ ਵਿੱਚ ਲਾਗੂ ਕੀਤਾ ਜਾਂਦਾ ਹੈ, ਤਾਂ ਪੰਜਾਬ ਅਤੇ ਹਰਿਆਣਾ ਦੇ ਵਰਕ ਪਰਮਿਟਾਂ 'ਤੇ ਕੰਮ ਕਰਨ ਵਾਲੇ ਡੇਢ ਲੱਖ ਡਰਾਈਵਰਾਂ ਦੇ ਲਾਇਸੈਂਸ ਰੱਦ ਕੀਤੇ ਜਾ ਸਕਦੇ ਹਨ। ਇੰਡੀਆਨਾ ਦੀ ਲਾਇਸੈਂਸਿੰਗ ਅਥਾਰਟੀ ਨੇ ਕਿਹਾ ਕਿ ਇਹ ਫੈਸਲਾ ਭਾਰਤੀ ਡਰਾਈਵਰਾਂ ਨਾਲ ਸਬੰਧਤ ਕਈ ਹਾਦਸਿਆਂ ਤੋਂ ਬਾਅਦ ਲਿਆ ਗਿਆ ਸੀ। ਹਾਦਸਿਆਂ ਤੋਂ ਬਾਅਦ ਪੁੱਛ-ਗਿੱਛ ਵਿਚ ਪਤਾ ਲੱਗਾ ਕਿ ਪੰਜਾਬ-ਹਰਿਆਣਾ ਮੂਲ ਦੇ ਡਰਾਈਵਰਾਂ ਨੂੰ ਨਾ ਤਾਂ ਰੋਡ ਸਾਈਨ ਇੰਗਲਿਸ਼ ਵਿਚ ਪੜ੍ਹਨੇ ਆਉਂਦੇ ਸਨ ਤੇ ਨਾ ਹੀ ਉਹ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਸਨ। ਗਵਰਨਰ ਮਾਈਕ ਬ੍ਰੌਨ ਨੇ ਮਾਰਚ, 2026 ਵਿੱਚ ਹਾਊਸ ਐਨਰੋਲਡ ਐਕਟ 1200 'ਤੇ ਦਸਤਖਤ (ਬਾਕੀ ਸਫਾ 2 'ਤੇ)

### ਭਗਵੰਤ ਮਾਨ ਸਰਕਾਰ ਵੱਲੋਂ ਰਿਕਾਰਡ ਕਾਇਮ

# ਪੰਜਾਬ ਦੇ ਇਤਿਹਾਸ 'ਚ ਪਹਿਲੀ ਵਾਰ ਸਿਰਫ਼ 4 ਸਾਲਾਂ ਦੌਰਾਨ 65,264 ਸਰਕਾਰੀ ਨੌਕਰੀਆਂ ਦਿੱਤੀਆਂ

## ਪਿਛਲੀਆਂ ਸਰਕਾਰਾਂ ਦੀਆਂ ਗ਼ਲਤੀਆਂ ਕਾਰਨ ਕਈ ਨੌਜਵਾਨਾਂ ਦੀ ਉਮਰ ਨਿਰਧਾਰਤ ਹੱਦ ਤੋਂ ਟੱਪ ਗਈ ਸੀ, ਅਸੀਂ ਅਜਿਹੇ ਨੌਜਵਾਨਾਂ ਨੂੰ ਉਮਰ 'ਚ 5 ਸਾਲ ਦੀ ਛੋਟ ਦਿੱਤੀ : ਮਾਨ

ਚੰਡੀਗੜ੍ਹ, 3 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ (ਆਪ) ਸਰਕਾਰ ਦੀ 'ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ' ਲੜੀ ਦੇ ਹਿੱਸੇ ਵਜੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁੱਖ ਖੇਤਰਾਂ ਵਿੱਚ ਆਪ ਸਰਕਾਰ ਦੀ ਕਾਰਗੁਜ਼ਾਰੀ 'ਤੇ ਚਾਨਣਾ ਪਾਉਂਦਿਆਂ ਸਰਕਾਰ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਇਸ ਨੂੰ ਪਾਰਦਰਸ਼ੀ, ਜਵਾਬਦੇਹ ਅਤੇ ਲੋਕ-ਕੇਂਦ੍ਰਿਤ ਸ਼ਾਸਨ ਵੱਲ ਇੱਕ ਨਿਰਣਾਇਕ ਤਬਦੀਲੀ ਵਜੋਂ ਦਰਸਾਇਆ। ਸਰਕਾਰੀ ਖੇਤਰ 'ਚ ਰੋਜ਼ਗਾਰ ਅਤੇ ਸ਼ਾਸਨ ਵਿੱਚ ਇੱਕ ਨਵਾਂ ਮਾਪਦੰਡ ਸਥਾਪਤ ਕਰਦਿਆਂ ਭਗਵੰਤ ਮਾਨ ਸਰਕਾਰ ਨੇ ਪਿਛਲੀਆਂ ਸਰਕਾਰਾਂ ਦੀਆਂ ਗਲਤੀਆਂ ਦੀ ਭਰਪਾਈ ਕਰਦਿਆਂ ਨੌਜਵਾਨਾਂ ਨੂੰ ਉਮਰ ਹੱਦ ਵਿੱਚ 5 ਸਾਲ ਦੀ ਛੋਟ ਦਿੰਦਿਆਂ ਸਿਰਫ਼ ਚਾਰ ਸਾਲਾਂ ਵਿੱਚ ਰਿਕਾਰਡ 65,264 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਹਨ, ਜੋ ਕਿ ਪੰਜਾਬ ਦੇ ਇਤਿਹਾਸ ਵਿੱਚ ਦਿੱਤੀਆਂ ਗਈਆਂ ਹੁਣ ਤੱਕ ਦੀਆਂ ਸਭ ਤੋਂ ਵੱਧ ਨੌਕਰੀਆਂ ਹਨ।

ਸਿੱਖਿਆ, ਪੁਲਿਸ, ਬਿਜਲੀ, ਸਿਹਤ ਅਤੇ ਸਥਾਨਕ ਸੰਸਥਾਵਾਂ ਸਮੇਤ ਪ੍ਰਮੁੱਖ ਖੇਤਰਾਂ ਵਿੱਚ ਪਾਰਦਰਸ਼ੀ ਭਰਤੀ ਦੇ ਨਾਲ ਭਗਵੰਤ ਮਾਨ ਸਰਕਾਰ ਨੇ ਖੁਦ ਨੂੰ ਪੱਖਪਾਤ ਦੀਆਂ ਪੁਰਾਣੀਆਂ ਪ੍ਰਥਾਵਾਂ ਤੋਂ ਪੂਰੀ ਤਰ੍ਹਾਂ ਦੂਰ ਰੱਖਿਆ ਹੈ ਅਤੇ ਹੁਣ ਆਮ ਨਾਗਰਿਕਾਂ ਨੂੰ ਰਿਸ਼ਵਤ ਜਾਂ ਸਿਫ਼ਾਰਸ਼ਾਂ ਤੋਂ ਬਿਨਾਂ ਨੌਕਰੀਆਂ ਦਿੱਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਸੇਵਾ ਕੇਂਦਰਾਂ 'ਤੇ ਮਹੀਨਾ ਆਧਾਰ 'ਤੇ 30 ਲੱਖ ਨਾਗਰਿਕਾਂ ਦੀ ਪਹੁੰਚ ਅਤੇ 8.20 ਕਰੋੜ ਤੋਂ ਵੱਧ ਸੇਵਾਵਾਂ ਦੀ ਡਲਿਵਰੀ ਦੇ ਨਾਲ ਡਿਜੀਟਲ ਪੰਜਾਬ ਵੱਲ ਤੇਜ਼ੀ ਨਾਲ ਕਦਮ ਵਧਾਉਣ ਪਾਰਦਰਸ਼ੀ ਪ੍ਰਸ਼ਾਸਨ, ਹੁਨਰ ਵਿਕਾਸ ਅਤੇ ਪ੍ਰਣਾਲੀਗਤ ਸੁਧਾਰਾਂ ਵੱਲ ਵਿਆਪਕ ਸੁਧਾਰਾਂ ਨੂੰ ਦਰਸਾਉਂਦਾ ਹੈ, ਜਿਸਦਾ ਉਦੇਸ਼ ਪੰਜਾਬ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇਣਾ ਹੈ।

ਵੱਖ-ਵੱਖ ਵਿਭਾਗਾਂ ਦੇ ਰਿਪੋਰਟ ਕਾਰਡ ਪੇਸ਼ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਇੱਕ ਨਵੇਂ ਡਿਜੀਟਲ ਹੱਬ ਵਜੋਂ ਉਭਰ ਰਿਹਾ ਹੈ, ਜਿਸ ਨੇ ਆਪਣੇ ਕੰਮਕਾਜ ਵਿੱਚ ਪਾਰਦਰਸ਼ਤਾ ਲਿਆਉਂਦਿਆਂ ਨੌਜਵਾਨਾਂ ਲਈ ਸਰਕਾਰੀ ਨੌਕਰੀਆਂ ਅਤੇ ਮੌਕਿਆਂ ਦੇ ਨਵੇਂ ਰਾਹ ਖੋਲ੍ਹੇ ਹਨ।

ਮੁੱਖ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਚਾਰ ਸਾਲਾਂ ਵਿੱਚ 65,264 ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਵਿੱਚ 16,308 ਨੌਕਰੀਆਂ, ਪੰਜਾਬ ਪੁਲਿਸ ਵਿੱਚ 12,966 ਨੌਕਰੀਆਂ, ਬਿਜਲੀ ਵਿਭਾਗ ਵਿੱਚ 8,765 ਨੌਕਰੀਆਂ, ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਵਿੱਚ 16,320 ਅਤੇ ਸਥਾਨਕ ਸਰਕਾਰਾਂ ਵਿਭਾਗ ਵਿੱਚ 5771 ਲੋਕਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਸੂਬੇ 'ਚੋਂ ਵਿਦੇਸ਼ਾਂ ਵੱਲ ਨੌਜਵਾਨਾਂ ਦੀ ਹਿਜਰਤ ਦੇ ਰੁਝਨ ਨੂੰ ਠੱਲ੍ਹ ਪਈ ਹੈ ਅਤੇ ਪੰਜਾਬ ਦੇ ਹਰ ਪਿੰਡ, ਕਸਬੇ ਅਤੇ ਸ਼ਹਿਰ ਦੇ ਨੌਜਵਾਨਾਂ ਨੂੰ ਇਨ੍ਹਾਂ ਨੌਕਰੀਆਂ ਦਾ ਲਾਭ ਹੋਇਆ ਹੈ।

ਭਰਤੀ ਵਿੱਚ ਪਾਰਦਰਸ਼ਤਾ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਰੀਆਂ ਨੌਕਰੀਆਂ ਬਿਨਾਂ ਕਿਸੇ ਰਿਸ਼ਵਤ ਜਾਂ ਪੱਖਪਾਤ ਦੇ ਨਿਰੋਲ ਮੈਰਿਟ ਅਤੇ ਯੋਗਤਾ ਦੇ ਆਧਾਰ 'ਤੇ ਦਿੱਤੀਆਂ ਗਈਆਂ ਹਨ। ਕੋਈ ਪੇਪਰ ਲੀਕ ਨਹੀਂ ਹੋਇਆ ਅਤੇ ਨਾ ਹੀ ਕਿਸੇ ਭਰਤੀ ਨੂੰ ਅਦਾਲਤ ਵਿੱਚ ਚੁਣੌਤੀ ਦਿੱਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ ਕਈ ਉਮੀਦਵਾਰਾਂ ਨੂੰ ਤਾਂ ਵੱਖ-ਵੱਖ ਵਿਭਾਗਾਂ ਵਿੱਚ ਕਈ-ਕਈ ਵਾਰ ਨੌਕਰੀਆਂ ਵੀ ਮਿਲੀਆਂ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੇ ਨੌਜਵਾਨ ਇਹ ਨੌਕਰੀਆਂ ਲੈਣ ਲਈ ਵਿਦੇਸ਼ਾਂ ਤੋਂ ਪਰਤ ਕੇ ਵਾਪਸ ਆਏ ਹਨ।

ਉਨ੍ਹਾਂ ਕਿਹਾ ਕਿ ਪਹਿਲਾਂ ਅਦਾਲਤਾਂ ਵਿੱਚ ਚੁਣੌਤੀ ਦੇ ਚਲਦਿਆਂ ਭਰਤੀ ਪ੍ਰਕਿਰਿਆਵਾਂ ਵਿੱਚ ਦੇਰੀ ਹੋਣ ਆਮ ਗੱਲ ਸੀ, ਜਿਸ ਦੇ ਚੱਲਦਿਆਂ ਅਕਸਰ ਕਈ ਉਮੀਦਵਾਰ ਦੀ ਉਮਰ ਨਿਰਧਾਰਤ ਸੀਮਾ ਤੋਂ ਪਾਰ ਲੰਘ ਜਾਂਦੀ ਸੀ। ਉਨ੍ਹਾਂ ਕਿਹਾ ਕਿ ਹੁਣ ਨੌਜਵਾਨ ਆਈਲੈਟਸ ਸੈਂਟਰਾਂ ਵਿੱਚ ਜਾਣ ਦੀ ਬਜਾਏ ਸਰਕਾਰੀ ਨੌਕਰੀਆਂ ਲਈ ਤਿਆਰੀ ਕਰਨ ਨੂੰ ਤਰਜੀਹ ਦੇ ਰਹੇ ਹਨ।

ਮੌਜੂਦਾ ਗਵਰਨੈਂਸ ਮਾਡਲ ਦੀ ਪਿਛਲੀਆਂ ਸਰਕਾਰਾਂ ਨਾਲ ਤੁਲਨਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਆਮ ਲੋਕਾਂ ਦੀ ਬਜਾਏ ਆਪਣੇ ਹੀ ਪਰਿਵਾਰਾਂ ਦਾ ਪੱਖ ਪੂਰਿਆ ਪਰ ਸੂਬਾ ਸਰਕਾਰ ਨੇ ਸਭ ਦੀ ਭਲਾਈ ਲਈ ਕੰਮ ਕੀਤਾ ਹੈ, ਜਿਸ ਦੇ ਚੱਲਦਿਆਂ ਪ੍ਰਾਈਵੇਟ ਕੰਪਨੀਆਂ ਵਿੱਚ ਵੀ ਸੱਤ ਲੱਖ ਦੇ ਕਰੀਬ ਨੌਜਵਾਨਾਂ ਨੂੰ ਨੌਕਰੀਆਂ ਮਿਲੀਆਂ।

ਉਨ੍ਹਾਂ ਅੱਗੇ ਕਿਹਾ ਕਿ ਹੁਨਰ ਵਿਕਾਸ ਮਿਸ਼ਨ ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਅੰਮ੍ਰਿਤਸਰ, ਬਠਿੰਡਾ, ਹੁਸ਼ਿਆਰਪੁਰ, ਜਲੰਧਰ ਅਤੇ ਲੁਧਿਆਣਾ ਵਿੱਚ ਪੰਜ ਬਹੁ-ਹੁਨਰ ਵਿਕਾਸ ਕੇਂਦਰ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਇਨ੍ਹਾਂ ਕੇਂਦਰਾਂ ਵਿੱਚ ਹੁਣ ਤੱਕ 1.25 ਲੱਖ ਨੌਜਵਾਨਾਂ ਨੂੰ ਸਿਖਲਾਈ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ 73,250 ਨੂੰ ਰੋਜ਼ਗਾਰ ਵੀ ਮਿਲ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਮਾਈਕਰੋਸਾਫਟ ਅਤੇ ਆਈਬੀਐਮ ਵਰਗੀਆਂ ਕੰਪਨੀਆਂ ਨਾਲ ਏਆਈ, ਸਾਈਬਰ ਸੁਰੱਖਿਆ ਅਤੇ ਕਲਾਊਡ ਤਕਨਾਲੋਜੀ ਵਿੱਚ ਸਿਖਲਾਈ ਲਈ ਐਮ.ਓ.ਯੂ. ਸਾਈਨ ਕੀਤੇ ਗਏ ਹਨ।

ਰੋਜ਼ਗਾਰ ਪਹਿਲਕਦਮੀਆਂ ਦਾ ਵੇਰਵਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 1,799 ਸਵੈ-ਰੁਜ਼ਗਾਰ ਕੈਂਪਾਂ ਨੇ 1,99,000



ਨੌਜਵਾਨਾਂ ਨੂੰ ਕਾਰੋਬਾਰ ਸ਼ੁਰੂ ਕਰਨ ਲਈ ਕਰਜ਼ੇ ਹਾਸਲ ਕਰਨ ਵਿੱਚ ਮਦਦ ਕੀਤੀ ਅਤੇ 6,724 ਪਲੇਸਮੈਂਟ ਕੈਂਪਾਂ ਅਤੇ ਨੌਕਰੀ ਮੇਲਿਆਂ ਨੇ ਲੱਖਾਂ ਨੌਜਵਾਨਾਂ ਨੂੰ ਰੋਜ਼ਗਾਰ ਹਾਸਲ ਕਰਨ ਵਿੱਚ ਮਦਦ ਕੀਤੀ।

ਉਨ੍ਹਾਂ ਅੱਗੇ ਕਿਹਾ ਕਿ 11 ਸਿਖਲਾਈ ਕੇਂਦਰਾਂ ਦਾ ਆਧੁਨਿਕੀਕਰਨ ਕਰਨ ਦੇ ਨਾਲ-ਨਾਲ ਤਿੰਨ ਨਵੇਂ ਕੈਂਪ ਸਥਾਪਿਤ ਕੀਤੇ ਗਏ ਹ ਅਤੇ ਅੱਗੇ ਕਿਹਾ ਕਿ 36,342 ਨੌਜਵਾਨਾਂ ਨੂੰ ਫੌਜ, ਜਲ ਸੈਨਾ, ਹਵਾਈ ਸੈਨਾ ਅਤੇ ਅਰਧ ਸੈਨਿਕ ਬਲਾਂ ਵਿੱਚ ਭਰਤੀ ਲਈ ਸਿਖਲਾਈ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ 5,509 ਭਰਤੀ ਹੋ ਚੁੱਕੇ ਹਨ।

ਰੱਖਿਆ ਸਿਖਲਾਈ ਸੰਸਥਾਵਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਨੇ 218 ਲੜਕਿਆਂ ਨੂੰ ਸਿਖਲਾਈ ਦਿੱਤੀ ਹੈ, ਜਿਨ੍ਹਾਂ ਵਿੱਚੋਂ 106 ਐੱਨਡੀਏ ਅਤੇ ਹੋਰ ਅਕੈਡਮੀਆਂ ਲਈ ਚੁਣੇ ਗਏ ਅਤੇ 85 ਕਮਿਸ਼ਨਡ ਅਫਸਰ ਬਣ ਗਏ ਹਨ, ਜਦੋਂ ਕਿ ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਨੇ 199 ਲੜਕੀਆਂ ਨੂੰ ਸਿਖਲਾਈ ਦਿੱਤੀ ਹੈ, ਜਿਨ੍ਹਾਂ ਵਿੱਚੋਂ 24 ਕਮਿਸ਼ਨਡ ਅਫਸਰ ਬਣ ਗਈਆਂ ਹਨ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਵਿੱਚ ਜਲਦੀ ਹੀ ਇੱਕ ਨਵਾਂ ਇੰਸਟੀਚਿਊਟ ਸ਼ੁਰੂ ਕੀਤਾ ਜਾਵੇਗਾ। ਡਿਜੀਟਲ ਗਵਰਨੈਂਸ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਡਿਜੀਟਲ ਪੰਜਾਬ ਬਣਨ ਵੱਲ ਕਦਮ ਵਧਾ ਰਿਹਾ ਹੈ ਕਿਉਂਕਿ 544 ਸੇਵਾ ਕੇਂਦਰ 465 ਤੋਂ ਵੱਧ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਲੱਗਭੱਗ 30 ਲੱਖ ਲੋਕ ਇਨ੍ਹਾਂ ਕੇਂਦਰਾਂ ਤੋਂ ਹਰ ਮਹੀਨੇ ਸੇਵਾਵਾਂ ਲੈ ਰਹੇ ਹਨ, ਭਾਵ ਰੋਜ਼ਾਨਾ ਇੱਕ ਲੱਖ ਲੋਕ ਸੇਵਾਵਾਂ ਦਾ ਲਾਭ ਪ੍ਰਾਪਤ ਕਰ ਰਹੇ ਹਨ ਅਤੇ ਹੁਣ ਤੱਕ 8,20 ਕਰੋੜ ਡਿਜੀਟਲ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਜਨਮ, ਮੌਤ ਅਤੇ ਵਿਆਹ ਵਰਗੇ ਸਰਟੀਫਿਕੇਟ ਐਸਐਮਐਸ ਅਤੇ ਵਟਸਐਪ ਰਾਹੀਂ ਭੇਜੇ ਜਾ ਰਹੇ ਹਨ ਅਤੇ ਇੱਕ ਕਰੋੜ ਤੋਂ ਵੱਧ ਸਰਟੀਫਿਕੇਟ ਡਿਜੀਟਲ ਰੂਪ ਵਿੱਚ ਭੇਜੇ ਗਏ ਹਨ। ਉਨ੍ਹਾਂ ਕਿਹਾ ਕਿ ਕਿ ਸੇਵਾਵਾਂ ਦੀ ਬਕਾਇਆ ਦਰ ਵਿੱਚ ਭਾਰੀ ਕਮੀ ਆਈ ਹੈ, ਜੋ 14 ਫੀਸਦ ਤੋਂ ਘਟ ਕੇ ਸਿਰਫ 0.52 ਫੀਸਦ ਰਹਿ ਗਈ ਹੈ।

ਨਾਗਰਿਕ-ਕੇਂਦ੍ਰਿਤ ਪਹਿਲਕਦਮੀਆਂ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ ਸਕੀਮ ਦਸੰਬਰ 2023 ਵਿੱਚ ਲੁਧਿਆਣਾ ਤੋਂ ਸ਼ੁਰੂ ਕੀਤੀ ਗਈ ਸੀ, ਜਿਸ ਤਹਿਤ ਨਾਗਰਿਕ 1076 ਹੈਲਪਲਾਈਨ ਰਾਹੀਂ ਘਰ ਬੈਠੇ 437 ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਸਕੀਮ ਖਾਸ ਤੌਰ 'ਤੇ ਬਜ਼ੁਰਗਾਂ ਅਤੇ ਦਫ਼ਤਰਾਂ 'ਚ ਜਾ ਕੇ ਆਪਣਾ ਕੰਮ ਕਰਵਾਉਣ ਤੋਂ ਅਸਮਰੱਥ ਲੋਕਾਂ ਲਈ ਵਧੇਰੇ ਮੱਦਦਗਾਰ ਸਾਬਤ ਹੋ ਰਹੀ ਹੈ ਅਤੇ ਹੁਣ ਤੱਕ 2.66 ਲੱਖ ਲੋਕ ਇਸ ਦਾ ਲਾਭ ਲੈ ਚੁੱਕੇ ਹਨ।

ਆਫ਼ਤ ਰਾਹਤ ਸੁਧਾਰਾਂ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਦੇਸ਼ ਵਿੱਚ ਆਪਣੀ ਕਿਸਮ ਦੀ ਪਹਿਲੀ ਡਿਜੀਟਲ ਹੜ੍ਹ ਮੁਆਵਜ਼ਾ ਪ੍ਰਣਾਲੀ ਪੇਸ਼ ਕੀਤੀ ਹੈ। ਉਨ੍ਹਾਂ ਅੱਗੇ ਕਿਹਾ ਕਿ 3,700 ਪਿੰਡਾਂ ਵਿੱਚ ਡਿਜੀਟਲ ਢੰਗ ਨਾਲ ਮੁਆਵਜ਼ੇ ਦੀ ਵੰਡ ਕੀਤੀ ਗਈ ਹੈ, ਜਿਸਨੇ ਪੂਰੀ ਪਾਰਦਰਸ਼ਤਾ ਨਾਲ ਸਹੀ ਲੋਕਾਂ ਤੱਕ ਰਾਹਤ ਪਹੁੰਚਣ ਨੂੰ ਯਕੀਨੀ ਬਣਾਇਆ ਹੈ ਉਨ੍ਹਾਂ ਅੱਗੇ ਕਿਹਾ ਕਿ ਇਸ ਹੈਲਪਲਾਈਨ 'ਤੇ 12,218 ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਵਿੱਚੋਂ 10,820 ਸਬੰਧਤ ਵਿਭਾਗਾਂ ਨੂੰ ਅਤੇ 1,398 ਵਿਜੀਲੈਂਸ ਬਿਊਰੋ ਨੂੰ ਭੇਜੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਸਹੀ ਮਾਮਲਿਆਂ ਵਿੱਚ ਕਾਰਵਾਈ ਕਰਦਿਆਂ 275 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 341 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ 16 ਗਜ਼ਟਿਡ ਅਧਿਕਾਰੀ, 161 ਸਰਕਾਰੀ ਕਰਮਚਾਰੀ, 88 ਪੁਲਿਸ ਕਰਮਚਾਰੀ ਅਤੇ 77 ਆਮ ਵਿਅਕਤੀ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ ਕਿ ਵਿਜੀਲੈਂਸ ਬਿਊਰੋ ਨੇ 487 ਛਾਪੇਮਾਰੀਆਂ ਕਰਦਿਆਂ 1,215 ਮੁਲਜ਼ਮਾਂ ਵਿਰੁੱਧ 534 ਕੇਸ ਦਰਜ ਕੀਤੇ ਹਨ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ 112 ਗਜ਼ਟਿਡ ਅਫ਼ਸਰਾਂ, 162 ਸਰਕਾਰੀ ਮੁਲਾਜ਼ਮਾਂ ਅਤੇ 83 ਨਿੱਜੀ ਵਿਅਕਤੀਆਂ ਸਮੇਤ 357 ਵਿਅਕਤੀਆਂ ਖ਼ਿਲਾਫ਼ ਜਾਂਚ ਚੱਲ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ 143 ਕੇਸਾਂ ਵਿੱਚ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਹੈ ਅਤੇ ਕਈ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਸਿਰਫ ਚਾਰ ਸਾਲਾਂ ਦਾ ਰਿਪੋਰਟ ਕਾਰਡ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਲੋਕ ਭਲਾਈ ਉਪਰਾਲੇ ਜਾਰੀ ਰਹਿਣਗੇ।

ਇੱਕ ਸਵਾਲ ਦੇ ਜਵਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੇ ਹਾਲਾਤ ਇਸ ਹੱਦ ਤੱਕ ਅਜੀਬੋ-ਗਰੀਬ ਬਣ ਗਏ ਹਨ ਅਤੇ ਦੇਸ਼ ਵਿੱਚ ਜੋ ਵੀ ਮਾੜਾ ਹੋਇਆ ਹੈ, ਉਸ ਲਈ ਨਹਿਰੂ ਨੂੰ, ਦਿੱਲੀ ਲਈ ਅਰਵਿੰਦ ਕੇਜਰੀਵਾਲ ਨੂੰ ਅਤੇ ਪੰਜਾਬ ਅਤੇ ਚੰਡੀਗੜ੍ਹ ਲਈ ਮੈਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਜਪਾ ਸਭ ਕੁਝ ਸਿਆਸੀ ਵਿਰੋਧੀਆਂ ਦੇ ਨਾਮ 'ਤੇ ਥੋਪ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ, ਜਦੋਂ ਕਿ 15 ਲੱਖ ਰੁਪਏ ਦੇ ਵਾਅਦੇ ਤੋਂ ਲੈ ਕੇ ਐਮ.ਐਸ.ਪੀ. ਤੱਕ ਕੁਝ ਵੀ ਨਹੀਂ ਦਿੱਤਾ ਗਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਭਾਜਪਾ ਸ਼ਬਦਾਂ ਦੀ ਖੇਡ ਅਤੇ ਕਠਪੁਤਲੀਆਂ ਦੀ ਤਰ੍ਹਾਂ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਬਣਾ ਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੀ।

ਕਿਸਾਨ ਭਲਾਈ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਜ਼ਮੀਨਾਂ ਹੇਠ ਦੀ ਹਾਈ ਟੈਂਸ਼ਨ ਤਾਰਾਂ ਪਾਉਣ ਦੀ ਸੰਭਾਵਨਾ ਦੀ ਪੜਚੋਲ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰਭਾਵਸ਼ਾਲੀ ਯੋਜਨਾ ਕਿਸਾਨਾਂ ਨੂੰ ਲਾਭ ਪਹੁੰਚਾਉਣ ਅਤੇ ਫਸਲਾਂ ਦੇ ਜੋਖਮ ਨੂੰ ਘਟਾਉਣ ਲਈ ਜਲਦੀ ਹੀ ਲਾਗੂ ਕੀਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹ ਪ੍ਰੋਜੈਕਟ ਮੇਰੇ ਜੱਦੀ ਪਿੰਡ ਤੋਂ ਸ਼ੁਰੂ ਹੋਵੇਗਾ ਜਿੱਥੇ 2,000 ਏਕੜ ਵਿੱਚ 413 ਟਿਊਬਵੈੱਲ ਮੋਟਰਾਂ ਅਤੇ 1,100 ਬਿਜਲੀ ਦੇ ਖੰਭੇ ਮੌਜੂਦ ਹਨ, ਜਿਨ੍ਹਾਂ ਨੂੰ ਜ਼ਮੀਨਦੋਜ਼ ਕਰਨ ਦਾ ਕੰਮ ਜਲਦੀ ਹੀ ਸ਼ੁਰੂ ਹੋ ਜਾਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ ਸੋਧ ਲਈ ਵਿਸਾਖੀ ਮੌਕੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਐਕਟ ਅਧੀਨ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਘੱਟੋ-ਘੱਟ 10 ਸਾਲ ਤੋਂ ਲੈ ਕੇ ਉਮਰ ਕੈਦ ਤੱਕ ਦੀ ਸਖ਼ਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਪ੍ਰਸਤਾਵਿਤ ਸੋਧਾਂ ਬਾਰੇ ਸੰਤ ਸਮਾਜ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰਾ ਚੱਲ ਰਿਹਾ ਹੈ। ਆੜ੍ਹਤੀਆਂ ਦੀਆਂ ਚਿੰਤਾਵਾਂ ਨੂੰ ਸੰਬੋਧਿਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆੜ੍ਹਤੀਆਂ ਨੂੰ ਹਰਿਆਣਾ ਵਿੱਚ ਕਾਰੋਬਾਰ ਕਰਨ ਦੀ ਪੂਰੀ ਖੁੱਲ੍ਹ ਹੈ ਅਤੇ ਉਹ ਨਾਲ ਹੀ ਦੱਸਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਮੁੱਦੇ ਸਿਰਫ਼ ਕੇਂਦਰ ਦੁਆਰਾ ਹੀ ਹੱਲ ਕੀਤੇ ਜਾ ਸਕਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਮੈਂ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਭਾਰਤ ਸਰਕਾਰ ਅੱਗੇ ਕਈ ਵਾਰ ਉਠਾਇਆ ਹੈ ਪਰ ਕੇਂਦਰ ਵੱਲੋਂ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਦੁਹਰਾਇਆ ਕਿ ਰਾਜ ਸਰਕਾਰ ਕਣਕ ਦੀ ਨਿਰਵਿਘਨ ਅਤੇ ਮੁਸ਼ਕਲ ਰਹਿਤ ਖਰੀਦ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਸਾਰੇ ਪ੍ਰਬੰਧ ਪਹਿਲਾਂ ਹੀ ਕਰ ਲਏ ਗਏ ਹਨ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਹੋਰ ਮੌਜੂਦ ਸਨ।

---

### ਰਾਜਪਾਲ ਦਾ ਪਠਾਨਕੋਟ ਜ਼ਿਲ੍ਹੇ ਦਾ

ਉਨ੍ਹਾਂ ਵੱਲੋਂ 16 ਅਪਰੈਲ ਨੂੰ ਸਰਹੱਦੀ ਖੇਤਰ ਬਲਾਕ ਬਮਿਆਲ ਦੇ ਮਹਾਰਾਣਾ ਪ੍ਰਤਾਪ ਸਕੂਲ ਮੰਗਿਆਲ ਮਨਵਾਲ ਵਿਖੇ ਪੇਂਡੂ ਸੁਰੱਖਿਆ ਕਮੇਟੀਆਂ (ਵੀ ਡੀ ਸੀ) ਦੇ ਮੈਂਬਰਾਂ ਨੂੰ ਸੰਬੋਧਿਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ 17 ਅਪਰੈਲ ਨੂੰ ਰਾਜਪਾਲ ਵੱਲੋਂ ਨਸ਼ੇ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਸੰਦੀਪਨੀ ਸਕੂਲ ਪਠਾਨਕੋਟ ਤੋਂ ਏ ਬੀ ਕਾਲਜ ਪਠਾਨਕੋਟ ਤੱਕ ਕੱਢੀ ਜਾਣ ਵਾਲੀ ਪੈਦਲ ਯਾਤਰਾ ਦੀ ਅਗਵਾਈ ਕੀਤੀ ਜਾਵੇਗੀ ਅਤੇ ਬਾਅਦ ਵਿੱਚ ਨੀਮ ਪਹਾੜੀ ਖੇਤਰ ਧਾਰਕਲਾਂ ਦੇ ਪਿੰਡ ਨਿਆੜੀ ਵਿਖੇ ਵੀ ਡੀ ਸੀ ਮੈਂਬਰਾਂ ਨਾਲ ਇੱਕ ਮੀਟਿੰਗ ਕੀਤੀ ਜਾਵੇਗੀ।

ਡੀਸੀ ਨੇ ਦੱਸਿਆ ਕਿ 18 ਅਪਰੈਲ ਨੂੰ ਰਾਜਪਾਲ ਪੰਜਾਬ ਸ੍ਰੀ ਸਾਂਈ ਕਾਲਜ ਬਧਾਨੀ ਵਿਖੇ ਸਰਹੱਦੀ ਖੇਤਰ ਦੇ ਅਧੀਨ ਆਉਂਦੇ ਸਕੂਲਾਂ ਅਤੇ ਕਾਲਜਾਂ ਦੇ ਪ੍ਰਿੰਸੀਪਲਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕਰਨਗੇ।

### ਚੰਡੀਗੜ੍ਹ 'ਚ ਜੋ ਗਲਤ ਹੁੰਦੈਕੀ ਉਸ

ਉਨ੍ਹਾਂ ਨੂੰ ਇਹ ਮੁੱਦਾ ਹਰਿਆਣਾ ਦੇ ਮੁੱਖ ਮੰਤਰੀ ਕੋਲ ਉਠਾਉਣਾ ਚਾਹੀਦਾ ਸੀ। ਮੈਂ ਤਿੰਨ-ਚਾਰ ਵਾਰ ਪ੍ਰਸਤਾਵ ਭੇਜਿਆ ਸੀ। ਹਰਿਆਣਾ ਦੇ ਮੁੱਖ ਮੰਤਰੀ ਦੇ ਪੰਜਾਬ ਦੌਰੇ ਦੇ ਸਵਾਲ 'ਤੇ, ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਵੀ ਹਰਿਆਣਾ ਦਾ ਦੌਰਾ ਕਰਨਗੇ।

### 'ਲੱਗਦੈ ਕਿ ਚੱਢਾ ਨੇ

ਸਰਕਾਰ ਵਿਰੁੱਧ ਨਹੀਂ ਬੋਲਦੇ, ਤਾਂ ਕਾਰਵਾਈ ਕਰਨੀ ਹੀ ਪਵੇਗੀ। ਉਨ੍ਹਾਂ ਨੇ ਪਾਰਟੀ ਵ੍ਹਿਪ ਦੇ ਵਿਰੁੱਧ ਕਦਮ ਚੁੱਕਿਆ ਹੈ।' ਮਾਨ ਨੇ ਕਿਹਾ ਕਿ

ਅਹਿਮ ਮੁੱਦੇ ਚੁੱਕਣ ਬਜਾਏ ਉਹ ਸਮੋਸੇ ਮਹਿੰਗੇ ਹੋਣ ਅਤੇ ਪੀਜ਼ਾ ਦੀ ਡਿਲੀਵਰੀ ਬਾਰੇ ਗੱਲ ਕਰ ਰਹੇ ਸਨ। ਮਾਨ ਨੇ ਇਸ ਤੋਂ ਪਹਿਲਾਂ ਕਿਹਾ ਸੀ ਕਿ ਸਾਰੀਆਂ ਪਾਰਟੀਆਂ ਅਕਸਰ ਸੰਸਦ ਵਿੱਚ ਨੇਤਾ ਬਦਲਦੀਆਂ ਰਹਿੰਦੀਆਂ ਹਨ। ਉਨ੍ਹਾਂ ਕਿਹਾ, '2014-19 ਦੇ ਵਿਚਕਾਰ, ਪਹਿਲਾਂ ਡਾ. ਧਰਮਵੀਰ ਗਾਂਧੀ ਸਦਨ ਵਿੱਚ ਪਾਰਟੀ ਦੇ ਨੇਤਾ ਸਨ ਅਤੇ ਬਾਅਦ ਵਿੱਚ ਮੈਂ ਨੇਤਾ ਬਣਿਆ ਸੀ।' ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ, ਜਿਸ ਨੂੰ ਕੱਲ੍ਹ ਉਪਰਲੇ ਸਦਨ ਵਿੱਚ ਪਾਰਟੀ ਦੇ ਉਪ-ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ, ਨੇ 'ਆਪ' ਲੀਡਰਸ਼ਿਪ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਉਨ੍ਹਾਂ ਦੀ ਚੁੱਪ ਨੂੰ ਇਹ ਨਾ ਸਮਝਣ ਕਿ ਉਹ ਸਿਆਸੀ ਲੜਾਈ ਵਿੱਚ ਹਾਰ ਗਏ ਹਨ। ਸੰਸਦ ਮੈਂਬਰ ਨੇ ਇੱਕ ਵੀਡੀਓ ਸੰਦੇਸ਼ ਵਿੱਚ ਕਿਹਾ ਹੈ, 'ਜਦੋਂ ਸਮਾਂ ਆਵੇਗਾ ਤਾਂ ਮੈਂ ਸਭ ਕੁਝ ਸਪੱਸ਼ਟ ਕਰ ਦਿਆਂਗਾ।' ਰਾਘਵ ਚੱਢਾ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣਨ ਦੇ ਪਹਿਲੇ ਦੋ ਸਾਲਾਂ ਦੇ ਵਕਫ਼ੇ ਦੌਰਾਨ ਸਾਰੇ ਫੈਸਲੇ ਲੈ ਰਹੇ ਸਨ ਅਤੇ ਇੱਕ ਪਾਰਟੀ ਦੀ ਪ੍ਰਮੁੱਖ ਸ਼ਖਸੀਅਤ ਜਾਂਦੇ ਸਨ, ਪਰ ਉਨ੍ਹਾਂ ਦੀ ਥਾ ਪੰਜਾਬ ਤੋਂ 'ਆਪ' ਦੇ ਦੂਜੇ ਸੰਸਦ ਮੈਂਬਰ ਅਸ਼ੋਕ ਕੁਮਾਰ ਮਿੱਤਲ ਨੂੰ ਪਾਰਟੀ ਦਾ ਉਪ-ਨੇਤਾ ਬਣਾਇਆ ਗਿਆ ਹੈ। ਇੱਕ ਵੀਡੀਓ ਸੰਦੇਸ਼ ਵਿੱਚ ਚੱਢਾ ਨੇ ਸਵਾਲ ਕੀਤਾ ਕਿ 'ਆਪ' ਨੇ ਰਾਜ ਸਭਾ ਸਕੱਤਰੇਤ ਨੂੰ ਉਨ੍ਹਾਂ ਨੂੰ ਸੰਸਦ ਵਿੱਚ ਬੋਲਣ ਦੀ ਇਜਾਜ਼ਤ ਨਾ ਦੇਣ ਲਈ ਕਿਉਂ ਕਿਹਾ। ਉਨ੍ਹਾਂ ਪੁੱਛਿਆ, 'ਮੈਂ ਹਮੇਸ਼ਾ ਉਹ ਮੁੱਦੇ ਉਠਾਏ ਜੋ ਆਮ ਆਦਮੀ ਨਾਲ ਸਬੰਧਤ ਸਨ ਅਤੇ ਸੰਸਦ ਵਿੱਚ ਨਹੀਂ ਉਠਾਏ ਜਾ ਰਹੇ ਸਨ। ਕੀ ਇਹ ਮੁੱਦੇ ਚੁੱਕਣਾ ਪਾਪ ਹੈ? ਆਮ ਆਦਮੀ ਪਾਰਟੀ ਅਜਿਹਾ ਕਿਉਂ ਕਰੇਗੀ? ਮੈਂ ਹਵਾਈ ਅੱਡਿਆਂ 'ਤੇ ਵਿਕਣ ਵਾਲੇ ਮਹਿੰਗੇ ਖਾਣੇ, ਗਿੱਗ ਵਰਕਰਾਂ, ਮਿਲਾਵਟੀ ਖਾਣੇ ਅਤੇ ਬੈਂਕਾਂ ਵੱਲੋਂ ਲਗਾਏ ਜਾਣ ਵਾਲੇ ਗੁਪਤ ਚਾਰਜਾਂ ਬਾਰੇ ਗੱਲ ਕਰ ਰਿਹਾ ਸੀ। ਫਿਰ 'ਆਪ' ਕਿਉਂ ਨਹੀਂ ਚਾਹੁੰਦੀ ਕਿ ਮੈਂ ਬੋਲਾਂ?' ਉਨ੍ਹਾਂ ਚੇਤਾਵਨੀ ਦਿੱਤੀ ਕਿ ਉਹ ਉਸ ਨਦੀ ਵਰਗੇ ਹਨ ਜੋ ਸਹੀ ਸਮਾਂ ਆਉਣ 'ਤੇ ਹੜ੍ਹ ਦਾ ਰੂਪ ਲੈ ਲੈਂਦੀ ਹੈ। ਇਹ ਵੀਡੀਓ ਚੱਢਾ ਅਤੇ 'ਆਪ' ਵਿਚਕਾਰ ਸਬੰਧ ਟੁੱਟਣ ਦੇ ਸੰਕੇਤ ਵਜੋਂ ਦੇਖੀ ਜਾ ਰਹੀ ਹੈ। 'ਆਪ' ਦੇ ਸਫਾਂ ਵਿੱਚ ਉਨ੍ਹਾਂ ਦੀ ਭਾਜਪਾ ਨਾਲ ਕਥਿਤ ਨੇੜਤਾ ਨੂੰ ਲੈ ਕੇ ਬੇਚੈਨੀ ਹੈ ਅਤੇ ਇਹ ਚਿੰਤਾ ਵੀ ਹੈ ਕਿ ਕੁਝ ਮਹੀਨਿਆਂ ਵਿੱਚ ਹੋਣ ਵਾਲੀਆਂ ਪੰਜਾਬ ਚੋਣਾਂ ਵਿੱਚ ਕੇਂਦਰ ਦੀ ਸੱਤਾਧਾਰੀ ਪਾਰਟੀ ਵੱਲੋਂ ਉਨ੍ਹਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। 2022 ਦੀਆਂ ਪੰਜਾਬ ਚੋਣਾਂ ਵਿੱਚ 'ਆਪ' ਨੂੰ ਸਫਲਤਾ ਦਿਵਾਉਣ ਦਾ ਸਿਹਰਾ ਕਾਫੀ ਹੱਦ ਤੱਕ ਚੱਢਾ ਨੂੰ ਦਿੱਤਾ ਗਿਆ ਸੀ, ਜਦੋਂ ਪਾਰਟੀ ਨੇ 117 ਵਿੱਚੋਂ 92 ਸੀਟਾਂ ਜਿੱਤੀਆਂ ਸਨ। 2023 ਦੇ ਅੰਤ ਤੱਕ ਸਰਕਾਰ ਵਿੱਚ ਉਨ੍ਹਾਂ ਦਾ ਪੂਰਾ ਦਬਦਬਾ ਰਿਹਾ ਸੀ। ਹਾਲਾਂਕਿ ਦਿੱਲੀ ਚੋਣਾਂ ਦੀ ਦੌੜ ਦੌਰਾਨ ਅਤੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਦਿੱਲੀ ਸ਼ਰਾਬ ਘੁਟਾਲੇ ਵਿੱਚ ਗ੍ਰਿਫਤਾਰੀ (ਕੇਜਰੀਵਾਲ ਨੂੰ ਉਦੋਂ ਤੋਂ ਇਸ ਕੇਸ ਵਿੱਚੋਂ ਡਿਸਚਾਰਜ ਕਰ ਦਿੱਤਾ ਗਿਆ ਹੈ) ਦੇ ਦਿਨਾਂ ਦੌਰਾਨ ਸਿਆਸੀ ਦ੍ਰਿਸ਼ ਤੋਂ ਉਨ੍ਹਾਂ ਦੀ ਅਚਾਨਕ ਗੈਰ-ਹਾਜ਼ਰੀ ਪਾਰਟੀ ਲੀਡਰਸ਼ਿਪ ਨੂੰ ਰਾਸ ਨਹੀਂ ਆਈ। ਚੱਢਾ ਨੇ ਉਦੋਂ ਦਾਅਵਾ ਕੀਤਾ ਸੀ ਕਿ ਉਹ ਅੱਖਾਂ ਦੀ ਬਿਮਾਰੀ ਦੇ ਇਲਾਜ ਲਈ ਯੂਕੇ ਵਿੱਚ ਸਨ। ਭਾਵੇਂ ਉਹ ਕੁਝ ਮਹੀਨਿਆਂ ਬਾਅਦ ਭਾਰਤ ਪਰਤ ਆਏ ਸਨ, ਪਰ ਲੱਗਦਾ ਹੈ ਕਿ ਉਨ੍ਹਾਂ ਨੇ ਪਾਰਟੀ ਲੀਡਰਸ਼ਿਪ ਦਾ ਭਰੋਸਾ ਗੁਆ ਦਿੱਤਾ ਸੀ ਅਤੇ ਉਹ ਕਾਫੀ ਹੱਦ ਤੱਕ ਅਲੱਗ-ਥਲੱਗ ਹੋ ਗਏ ਸਨ। ਕਿਸੇ ਸਮੇਂ ਚੰਡੀਗੜ੍ਹ ਦੇ ਸੈਕਟਰ 2 ਦੀ ਆਲੀਸ਼ਾਨ ਕੋਠੀ ਨੰਬਰ 50 ਵਿੱਚ ਰਾਘਵ ਚੱਢਾ ਦਾ ਦਬਦਬਾ ਸੀ, ਜਿੱਥੇ ਪੁਲਿਸ ਅਤੇ ਸਿਵਲ ਅਧਿਕਾਰੀਆਂ, ਕਾਰੋਬਾਰੀਆਂ, ਮੰਤਰੀਆਂ, ਵਿਧਾਇਕਾਂ ਅਤੇ ਪਾਰਟੀ ਨੇਤਾਵਾਂ ਦੀਆਂ ਉਨ੍ਹਾਂ ਨੂੰ ਮਿਲਣ ਲਈ ਲੰਬੀਆਂ ਕਤਾਰਾਂ ਲੱਗੀਆਂ ਰਹਿੰਦੀਆਂ ਸਨ, ਪਰ ਪਿਛਲੇ ਸਾਲ ਸੰਸਦ ਮੈਂਬਰ ਨੂੰ ਘਰ ਖਾਲੀ ਕਰਨ ਲਈ ਵੀ ਮਜਬੂਰ ਹੋਣਾ ਪਿਆ ਸੀ।

### 'ਜਦੋਂ ਤੱਕ ਦੁਸ਼ਮਣ ਦੀ ਫ਼ੌਜ

ਦੂਜੇ ਪਾਸੇ ਈਰਾਨ ਨੇ ਕਿਹਾ ਹੈ ਕਿ ਜੰਗ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਦੁਸ਼ਮਣ ਸਰੰਡਰ ਨਹੀਂ ਕਰਦੀ। ਦੱਸ ਦੇਈਏ ਕਿ ਬ੍ਰਿਟੇਨ ਦੀ ਪਹਿਲ 'ਤੇ ਹੋਰਮੁਜ਼ ਸਟ੍ਰੇਟ ਨੂੰ ਫਿਰ ਤੋਂ ਖੋਲ੍ਹਣ ਲਈ ਵੀਰਵਾਰ ਨੂੰ ਆਨਲਾਈਨ ਬੈਠਕ ਹੋਈ, ਜਿਸ ਵਿਚ 60 ਤੋਂ ਵੱਧ ਲੋਕਾਂ ਨੇ ਹਿੱਸਾ ਲਿਆ। ਇਸ ਬੈਠਕ ਵਿਚ ਭਾਰਤ ਵੱਲੋਂ ਵਿਦੇਸ਼ ਸਕੱਤਰ ਵਿਕਰਮ ਮਿਸਰੀ ਸ਼ਾਮਲ ਹੋਏ। ਬੈਠਕ ਵਿਚ ਮਿਸਰੀ ਨੇ ਕਿਹਾ ਕਿ ਹੋਰਮੁਜ਼ ਸੰਕਟ ਵਿਚ ਹੁਣ ਤੱਕ ਸਿਰਫ ਭਾਰਤ ਦੇ ਹੀ ਨਾਗਰਿਕ ਮਾਰੇ ਗਏ ਹਨ। ਰਿਪੋਰਟ ਮੁਤਾਬਕ ਹੋਰਮੁਜ਼ ਸੰਕਟ ਵਿਚ ਹੁਣ ਤੱਕ 3 ਭਾਰਤੀ ਮਾਰੇ ਜਾ ਚੁੱਕੇ ਹਨ, ਇਹ ਸਾਰੇ ਵਿਦੇਸ਼ੀ ਜਹਾਜ਼ਾਂ 'ਤੇ ਕੰਮ ਕਰ ਰਹੇ ਸਨ।

### ਈਰਾਨ ਵੱਲੋਂ ਐਫ-35 ਜੈੱਟ ਨੂੰ ਸੁੱਟਣ ਦਾ ਦਾਅਵਾ

ਚੈਨਲ ਨੇ ਇਸ ਘਟਨਾ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ। ਇਹ ਵੀ ਸਪੱਸ਼ਟ ਨਹੀਂ ਹੈ ਕਿ ਜਹਾਜ਼ ਕਿਵੇਂ ਅਤੇ ਕਿਉਂ ਡਿੱਗਿਆ। ਇਸ ਪੂਰੇ ਮਾਮਲੇ ਬਾਰੇ ਅਮਰੀਕਾ ਵੱਲੋਂ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ। ਅਮਰੀਕੀ ਕੇਂਦਰੀ ਕਮਾਂਡ, ਪੈਂਟਾਗਨ ਅਤੇ ਵ੍ਹਾਈਟ ਹਾਊਸ ਨੇ ਵੀ ਇਸ ਦਾਅਵੇ 'ਤੇ ਤੁਰੰਤ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ।

ਉੱਧਰ ਮੱਧ ਪੂਰਬ ਵਿੱਚ ਸ਼ੁੱਕਰਵਾਰ ਨੂੰ ਜੰਗ ਦੇ ਖਤਮ ਹੋਣ ਦੇ ਬਹੁਤ ਘੱਟ ਸੰਕੇਤ ਦਿਖਾਈ ਦੇ ਰਹੇ ਹਨ। ਤਾਜ਼ਾ ਰਿਪੋਰਟਾਂ ਵਿੱਚ ਇਜ਼ਰਾਈਲ ਨੇ ਕਿਹਾ ਕਿ ਉਸ ਨੂੰ ਈਰਾਨ ਵੱਲੋਂ ਫਾਇਰਿੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਵੈਤ ਅਤੇ ਬਹਿਰੀਨ ਨੇ ਵੀ ਆਪਣੇ ਉੱਪਰ ਹਮਲੇ ਹੋਣ ਦੀ ਰਿਪੋਰਟ ਦਿੱਤੀ ਹੈ ਅਤੇ ਈਰਾਨ ਨੇ ਕਿਹਾ ਕਿ ਅਮਰੀਕੀ ਹਮਲੇ ਦਾ ਸ਼ਿਕਾਰ ਹੋਏ ਇੱਕ ਮੁੱਖ ਪੁਲ ਦੇ ਨੇੜੇ ਫਾਰਸੀ ਨਵੇਂ ਸਾਲ ਦੀ ਸਮਾਪਤੀ ਦਾ ਜਸ਼ਨ ਮਨਾ ਰਹੇ ਅੱਠ ਲੋਕ ਮਾਰੇ ਗਏ ਹਨ। ਤਹਿਰਾਨ ਨੇ ਆਪਣੇ ਗੁਆਂਢੀਆਂ 'ਤੇ ਹਮਲਾ ਕਰਨ ਦੀ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕਰਨਾ ਜਾਰੀ ਰੱਖਿਆ, ਭਾਵੇਂ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਕਿ ਉਸ ਦੇਸ਼ ਤੋਂ ਖ਼ਤਰਾ ਲਗਪਗ ਖ਼ਤਮ ਹੋ ਗਿਆ ਹੈ। ਟਰੰਪ ਨੇ ਵੀਰਵਾਰ ਨੂੰ ਪੁਲ ਦੇ ਡਿੱਗਣ 'ਤੇ ਖੁਸ਼ੀ ਜ਼ਾਹਰ ਕੀਤੀ, ਜੋ ਕਥਿਤ ਤੌਰ 'ਤੇ ਮੱਧ ਪੂਰਬ ਦਾ ਸਭ ਤੋਂ ਉੱਚਾ ਪੁਲ ਸੀ। ਦੂਜੇ ਪਾਸੇ ਈਰਾਨ ਨੇ ਪੁਲ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਹੈ, ਜਿਸ ਵਿੱਚ 'ਨੇਚਰ ਡੇਅ' ਮਨਾ ਰਹੇ 95 ਲੋਕ ਜ਼ਖਮੀ ਵੀ ਹੋਏ ਹਨ। ਹੋਰਮੁਜ਼ ਜਲਮਾਰਗ ਦੀ ਘੇਰਾਬੰਦੀ ਕਾਰਨ ਵਿਸ਼ਵ ਊਰਜਾ ਸਪਲਾਈ ਪ੍ਰਭਾਵਿਤਖਾੜੀ ਦੇਸ਼ਾਂ 'ਤੇ ਈਰਾਨ ਦੇ ਹਮਲਿਆਂ ਅਤੇ ਹੋਰਮੁਜ਼ ਜਲਮਾਰਗ 'ਤੇ ਉਸ ਦੇ ਕਬਜ਼ੇ ਨੇ ਵਿਸ਼ਵ ਦੀ ਊਰਜਾ ਸਪਲਾਈ ਨੂੰ ਵਿਗਾੜ ਦਿੱਤਾ ਹੈ, ਜਿਸ ਦੇ ਪ੍ਰਭਾਵ ਮੱਧ ਪੂਰਬ ਤੋਂ ਬਹੁਤ ਦੂਰ ਤੱਕ ਮਹਿਸੂਸ ਕੀਤੇ ਜਾ ਰਹੇ ਹਨ। ਇਹ ਜੰਗ ਵਿੱਚ ਈਰਾਨ ਦਾ ਸਭ ਤੋਂ ਵੱਡਾ ਰਣਨੀਤਕ ਲਾਭ ਸਾਬਤ ਹੋਇਆ ਹੈ। ਬ੍ਰਿਟੇਨ ਨੇ ਲਗਪਗ ਤਿੰਨ ਦਰਜਨ ਦੇਸ਼ਾਂ ਨਾਲ ਇਸ ਬਾਰੇ ਗੱਲਬਾਤ ਕੀਤੀ ਕਿ ਲੜਾਈ ਖਤਮ ਹੋਣ ਤੋਂ ਬਾਅਦ ਇਸ ਜਲਮਾਰਗ ਨੂੰ ਦੁਬਾਰਾ ਕਿਵੇਂ ਖੋਲ੍ਹਿਆ ਜਾਵੇ।

## ਪਹਿਲੇ ਸਫ਼ੇ ਦੀ ਬਾਕੀ

### ਐਲ.ਪੀ.ਜੀ. ਸੰਬੰਧੀ ਅਫਵਾਹਾਂ 'ਤੇ ਕੇਂਦਰ ਵੱਲੋਂ ਸੂਬਿਆਂ ਨੂੰ

ਮਹਾਰਾਸ਼ਟਰ, ਤਮਿਲਨਾਡੂ, ਤੇਲੰਗਾਨਾ, ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼ ਤੇ ਕੇਰਲ ਵਰਗੇ ਵੱਡੇ ਸੂਬੇ ਸ਼ਾਮਲ ਹਨ। ਬਾਕੀ ਸੂਬਿਆਂ ਵਿਚ ਵੀ ਇਸੇ ਤਰ੍ਹਾਂ ਸਰਗਰਮ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਗਈ ਹੈ।

### ਪੰਜਾਬ 'ਚ ਅਗਲੇ 2 ਦਿਨਾਂ ਲਈ

ਚੱਲਣਗੀਆਂ। 14 ਜ਼ਿਲ੍ਹਿਆਂ ਵਿਚ ਹਲਕਾ ਤੋਂ ਮੱਧਮ ਮੀਂਹ ਪੈ ਸਕਦਾ ਹੈ ਜਿਨ੍ਹਾਂ ਵਿਚ ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ ਵਿਚ ਕੁਝ ਥਾਵਾਂ 'ਤੇ ਤੇ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ ਤੇ ਮੋਹਾਲੀ ਵਿਚ ਕੁਝ ਥਾਵਾਂ 'ਤੇ ਮੀਂਹ ਪਵੇਗਾ। ਮੌਸਮ ਵਿਭਾਗ ਦੇ ਡਾਇਰੈਕਟਰ ਸੁਰੇਂਦਰ ਪਾਲ ਮੁਤਾਬਕ ਸੂਬੇ ਵਿਚ 3, 4, 7 ਤੇ 8 ਅਪ੍ਰੈਲ ਨੂੰ ਕੁਝ ਥਾਵਾਂ 'ਤੇ ਹਲਕਾ ਤੋਂ ਮੱਧਮ ਮੀਂਹ ਪੈਣ ਦੀ ਸੰਭਾਵਨਾ ਹੈ ਦੂਜੇ ਪਾਸੇ 5 ਤੇ 6 ਅਪ੍ਰੈਲ ਨੂੰ ਕੁਝ ਵੱਖ-ਵੱਖ ਥਾਵਾਂ 'ਤੇ ਮੀਂਹ ਪੈ ਸਕਦਾ ਹੈ। ਅਗਲੇ 24 ਘੰਟਿਆਂ ਦੌਰਾਨ ਅਧਿਕਤਮ ਤਾਪਮਾਨ ਵਿਚ ਕੋਈ ਵੱਡਾ ਬਦਲਾਅ ਨਹੀਂ ਹੋਵੇਗਾ ਪਰ 3 ਦਿਨਾਂ ਵਿਚ ਤਾਪਮਾਨ 3 ਤੋਂ 5 ਡਿਗਰੀ ਸੈਲਸੀਅਸ ਤੱਕ ਹੇਠਾਂ ਡਿੱਗ ਸਕਦਾ ਹੈ। ਵਿਭਾਗ ਦੀ ਇਸ ਭਵਿੱਖ ਬਾਣੀ ਨੇ ਕਿਸਾਨਾਂ ਦੀਆਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ।

### ਭਾਰਤ-ਪਾਕਿ 'ਤੇ ਛਾਏ ਬੱਦਲ, ਪੰਜਾਬ ਸਮੇਤ ਪੰਜ

ਸੰਕੇਤ ਦਿੰਦਾ ਹੈ। ਜਿਵੇਂ ਹੀ ਇਹ ਪ੍ਰਣਾਲੀ ਸਰਗਰਮ ਹੁੰਦੀ ਹੈ, ਭਾਰਤ ਦੇ ਉੱਤਰ-ਪੱਛਮੀ ਖੇਤਰਾਂ ਵਿੱਚ ਭਾਰੀ ਬਾਰਿਸ਼ ਹੋਣ ਦੀ ਸੰਭਾਵਨਾ ਹੈ - ਖਾਸ ਕਰਕੇ ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਅਤੇ ਦਿੱਲੀ। ਮੌਸਮ ਵਿਭਾਗ ਦੇ ਅਨੁਸਾਰ, ਬੱਦਲਾਂ ਦਾ ਇੱਕ ਸੰਘਣਾ ਸਮੂਹ ਇਸ ਸਮੇਂ ਉੱਤਰ-ਪੱਛਮੀ ਭਾਰਤ ਅਤੇ ਪਾਕਿਸਤਾਨ ਦੇ ਨਾਲ ਲੱਗਦੇ ਖੇਤਰਾਂ ਨੂੰ ਢੱਕਦਾ ਹੈ। ਭੂਮੱਧ ਸਾਗਰ ਉੱਤੇ ਪੈਦਾ ਹੋਣ ਵਾਲੀ ਪੱਛਮੀ ਗੜਬੜੀ ਦੇ ਕਾਰਨ, ਭਾਰਤ ਦੇ ਉੱਤਰੀ ਅਤੇ ਉੱਤਰ-ਪੱਛਮੀ ਰਾਜਾਂ ਵਿੱਚ ਗਰਜ-ਤੂਫਾਨ ਅਤੇ ਝੱਖੜ ਦੇ ਨਾਲ ਭਾਰੀ ਬਾਰਿਸ਼ ਹੋ ਸਕਦੀ ਹੈ। ਸੈਟੇਲਾਈਟ ਤਸਵੀਰਾਂ ਤੋਂ ਪਤਾ ਚੱਲਦਾ ਹੈ ਕਿ ਸੰਘਣੇ ਬੱਦਲ ਵੱਖ-ਵੱਖ ਖੇਤਰਾਂ ਵਿੱਚ ਫੈਲੇ ਹੋਏ ਹਨ - ਜਿਸ ਵਿੱਚ ਜੰਮੂ ਅਤੇ ਕਸ਼ਮੀਰ, ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਹਿੱਸੇ ਸ਼ਾਮਲ ਹਨ - ਅਤੇ ਇਸ ਪ੍ਰਣਾਲੀ ਦਾ ਪ੍ਰਭਾਵ ਸਰਹੱਦ ਪਾਰ ਪਾਕਿਸਤਾਨ ਤੱਕ ਵੀ ਪਹੁੰਚ ਰਿਹਾ ਹੈ।

### ਸੰਸਦ ਵੱਲੋਂ 'ਜਨ ਵਿਸ਼ਵਾਸ' ਬਿੱਲ

ਗੋਇਲ ਨੇ ਕਿਹਾ ਕਿ ਬਿੱਲ ਨਾਲ ਲਗਭਗ 1,000 ਪ੍ਰਬੰਧ ਸੌਖੇ ਬਣਾਏ ਜਾਣਗੇ ਅਤੇ ਆਮ ਲੋਕਾਂ ਤੇ ਛੋਟੇ ਉੱਦਮੀਆਂ ਨੂੰ ਰਾਹਤ ਮਿਲੇਗੀ। ਇਸ 'ਚ ਜੁਰਮਾਨੇ ਅਤੇ ਕੈਦ ਨੂੰ ਘੱਟ ਕਰਨ ਜਾਂ ਹਟਾਉਣ ਦੇ ਪ੍ਰਬੰਧ ਹਨ। ਇਸ ਤੋਂ ਇਲਾਵਾ, ਮੋਟਰ ਵਾਹਨ ਐਕਟ, ਦਿੱਲੀ ਨਗਰ ਨਿਗਮ ਐਕਟ ਅਤੇ ਡਰੱਗਜ਼ ਐਂਡ ਕਾਸਮੈਟਿਕਸ ਐਕਟ 'ਚ ਵੀ ਜ਼ਰੂਰੀ ਸੋਧਾਂ ਸ਼ਾਮਲ ਹਨ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਟਾਰਟਅੱਪਸ ਅਤੇ ਛੋਟੇ ਵਪਾਰੀਆਂ ਨੂੰ ਭਵਿੱਖ 'ਚ ਗਲਤੀ ਸੁਧਾਰਨ ਦਾ ਮੌਕਾ ਮਿਲੇਗਾ, ਜਿਸ ਨਾਲ ਦੇਸ਼ 'ਚ ਨਿਵੇਸ਼ ਅਤੇ ਕਾਰੋਬਾਰ ਦਾ ਮਾਹੌਲ ਹੋਰ ਬਿਹਤਰ ਹੋਵੇਗਾ। ਬਿੱਲ 'ਤੇ ਰਾਜ ਸਭਾ 'ਚ ਵਿਸਥਾਰ ਨਾਲ ਚਰਚਾ ਤੋਂ ਬਾਅਦ ਇਸ ਨੂੰ ਜ਼ੁਬਾਨੀ ਵੋਟਾਂ ਨਾਲ ਪਾਸ ਕੀਤਾ ਗਿਆ। ਇਸ ਤੋਂ ਪਹਿਲਾਂ ਲੋਕ ਸਭਾ 'ਚ ਵੀ ਇਹ ਬਿੱਲ ਮਨਜ਼ੂਰੀ ਪਾ ਚੁੱਕਾ ਸੀ।

### ਭਾਈ ਰਾਜੋਆਣਾ ਵੱਲੋਂ ਰਹਿਮ ਦੀ ਅਪੀਲ ਵਾਪਸ ਲੈਣ

ਬੰਦੀ ਸਿੰਘਾਂ ਦੀ ਰਿਹਾਈ ਵਾਲੀ ਗੱਲ ਕਹੀ ਸੀ। ਉਨ੍ਹਾਂ ਕਿਹਾ ਕਿ ਅੱਜ 7 ਸਾਲ ਹੋ ਗਏ ਪਰ ਵਾਅਦੇ ਵਫ਼ਾ ਨਾ ਹੋਏ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਅਤੇ ਹੋਰ ਬੰਦੀ ਸਿੰਘ ਜੇਲ੍ਹ ਅੰਦਰ ਪੂਰੀ ਚੜ੍ਹਦੀਕਲਾ ਵਿਚ ਹਨ। ਜਥੇਦਾਰ ਗੜਗੱਜ ਨੇ ਕਿਹਾ ਕਿ ਭਾਈ ਰਾਜੋਆਣਾ ਨੇ ਜੋ ਕਿਹਾ ਉਨ੍ਹਾਂ ਦਾ ਹੱਕ ਤੇ ਬਿਲਕੁਲ ਜਾਇਜ਼ ਹੈ, ਜਿਸ ਉੱਪਰ ਉਹ ਗੌਰ ਕਰਨਗੇ। ਧਰਮ ਪਰਿਵਰਤਨ ਦੇ ਮਾਮਲੇ ਵਿਚ ਉਨ੍ਹਾਂ ਕਿਹਾ ਕਿ ਸੱਚਾ ਸਿੱਖ ਕਦੇ ਵੀ ਆਪਣਾ ਧਰਮ ਪਰਿਵਰਤਨ ਨਹੀਂ ਕਰਦਾ, ਉਹ ਬੰਦ-ਬੰਦ ਕਟਵਾ ਸਕਦਾ, ਖੋਪੜੀ ਲਹਾ ਸਕਦਾ ਪਰ ਕਦੇ ਵੀ ਸਿੱਖੀ ਨਹੀਂ ਛੱਡ ਸਕਦਾ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਦੋਹਰਾ ਮਾਪਦੰਡ ਸਾਹਮਣੇ ਹੈ ਕਿ ਇੱਕ ਪਾਸੇ ਤਾਂ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾਂਦੀ ਹੈ, ਜਦਕਿ ਬੰਦੀ ਸਿੰਘਾਂ ਨੂੰ ਜੇਲ੍ਹਾਂ ਵਿਚ ਨਜ਼ਰਬੰਦ ਕੀਤਾ ਹੋਇਆ ਹੈ। ਇਸ ਮੌਕੇ ਸਮਰਾਲਾ ਵਿਖੇ ਧਾਰਮਿਕ ਦੀਵਾਨ ਕਰਵਾਉਣ ਵਾਲੀ ਪ੍ਰਬੰਧਕ ਕਮੇਟੀ ਅਤੇ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਵਿਸ਼ੇਸ਼ ਤੌਰ 'ਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਧੰਨਵਾਦ ਕਰਦਿਆਂ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਸਮਰਾਲਾ ਪਹੁੰਚਣ 'ਤੇ ਜਥੇਦਾਰ ਗੜਗੱਜ ਦਾ ਸਵਾਗਤ ਕੀਤਾ ਗਿਆ। ਪਿੰਡਾਂ ਦੇ ਲੋਕ ਦੁੱਧ ਮਿਲਾਵਟਖੋਰੀ ਤੋਂ ਬਚਣ ਲਈ ਪਸ਼ੂ ਪਾਲਕਾਂ ਵਾਲਾ ਰਿਵਾਇਤੀ ਕਿੱਤਾ ਅਪਨਾਉਣ: ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਪੰਜਾਬ ਵਿਚ ਦੁੱਧ ਦੀ ਪੈਦਾਵਾਰ ਘੱਟ ਅਤੇ ਵਿਕਰੀ ਘੱਟ ਹੈ, ਇਸ ਲਈ ਚਿੰਤਾ ਦਾ ਵਿਸ਼ਾ ਹੈ ਕਿ ਮਿਲਾਵਟੀ ਦੁੱਧ ਵਿਕ ਰਿਹਾ ਹੈ। ਜਥੇਦਾਰ ਗੜਗੱਜ ਨੇ ਕਿਹਾ ਕਿ ਪਿੰਡਾਂ ਵਿਚ ਮੱਝਾਂ ਘਟ ਰਹੀਆਂ ਹਨ, ਇਸ ਲਈ ਸੰਗਤ ਨੂੰ ਸੰਦੇਸ਼ ਹੈ ਕਿ ਪਿੰਡਾਂ ਦੇ ਲੋਕ ਪਹਿਲਾਂ ਦੀ ਤਰ੍ਹਾਂ ਪਸ਼ੂ ਪਾਲਕਾਂ ਵਾਲਾ ਰਿਵਾਇਤੀ ਕਿੱਤਾ ਅਪਨਾਉਣ ਅਤੇ ਆਪਣੇ ਬੱਚਿਆਂ ਨੂੰ ਸ਼ੁੱਧ ਖੁਰਾਕ ਖਿਲਾਉਣ। ਉਨ੍ਹਾਂ ਕਿਹਾ ਕਿ ਗੁਰੂ ਤੇ ਨਾਮ ਜਪਣ ਵਾਲਾ ਸਿੱਖ ਕਦੇ ਵੀ ਮਿਲਾਵਟਖੋਰੀ ਨਹੀਂ ਕਰਦਾ ਬਲਕਿ ਕਿਰਤ ਕਰਨ ਵਿਚ ਵਿਸ਼ਵਾਸ ਰੱਖਦਾ ਹੈ, ਇਸ ਲਈ ਲੋਕ ਇਸ ਨੂੰ ਇੱਕ ਕਿਰਤ ਵਜੋਂ ਅਪਨਾਉਣ।

### ਪੱਛਮੀ ਬੰਗਾਲ ਸਭ ਤੋਂ ਵੱਧ 'ਧਰੁਵੀਕ੍ਰਿਤ ਰਾਜ':

ਸ਼ਾਮਲ ਸਨ, ਨੇ ਸੂਬੇ ਦੇ ਮੁੱਖ ਸਕੱਤਰ, ਡੀ ਜੀ ਪੀ ਤੇ ਜ਼ਿਲ੍ਹਾ ਮੈਜਿਸਟਰੇਟ ਅਤੇ ਮਾਲਦਾ ਦੇ ਐੱਸ ਐੱਸ ਪੀ ਤੋਂ ਜਵਾਬ ਮੰਗਿਆ ਕਿ ਕਲਕੱਤਾ ਹਾਈ ਕੋਰਟ ਦੇ ਚੀਫ਼ ਜਸਟਿਸ ਵੱਲੋਂ ਮਿਲੇ ਪੱਤਰ ਵਿਚਲੇ ਵਿਸ਼ਾ ਵਸਤੂ ਦੀ ਰੌਸ਼ਨੀ ਵਿੱਚ ਉਨ੍ਹਾਂ ਖਿਲਾਫ਼ ਢੁੱਕਵੀਂ ਕਾਰਵਾਈ ਕਿਉਂ ਨਾ ਕੀਤੀ ਜਾਵੇ। ਸੀ ਜੇ ਆਈ ਨੇ ਇਨ੍ਹਾਂ ਸਿਖਰਲੇ ਅਧਿਕਾਰੀਆਂ ਨੂੰ 6 ਅਪਰੈਲ ਨੂੰ ਵਰਚੁਅਲੀ ਪੇਸ਼ ਹੋਣ ਲਈ ਕਿਹਾ ਹੈ। ਬੈਂਚ ਉਸ ਦਿਨ ਮੁੱਖ ਮੰਤਰੀ ਮਮਤਾ ਬੈਨਰਜੀ ਸਣੇ ਹੋਰਨਾਂ ਵੱਲੋਂ ਦਾਇਰ ਪਟੀਸ਼ਨਾਂ 'ਤੇ ਸੁਣਵਾਈ ਕਰੇਗਾ।

ਸੀ ਜੇ ਆਈ ਨੇ ਪੱਛਮੀ ਬੰਗਾਲ ਦੇ ਐਡਵੋਕੇਟ ਜਨਰਲ ਵੱਲੋਂ ਦਾਇਰ ਹਲਫ਼ਨਾਮੇ ਦੇ ਜਵਾਬ ਵਿੱਚ ਕਿਹਾ, "ਬਦਕਿਸਮਤੀ ਨਾਲ ਤੁਹਾਡੇ ਸੂਬੇ ਵਿੱਚ ਹਰ ਕੋਈ ਸਿਆਸੀ ਭਾਸ਼ਾ ਬੋਲਦਾ ਹੈ ਤੇ ਇਹ ਸਭ ਤੋਂ ਵੱਧ ਧਰੁਵੀਕ੍ਰਿਤ ਰਾਜ ਹੈ। ਤੁਸੀਂ ਸਾਨੂੰ ਇਹ ਟਿੱਪਣੀਆਂ ਕਰਨ ਲਈ ਮਜਬੂਰ ਕਰ ਰਹੇ ਹੋ। ਤੁਹਾਨੂੰ ਕੀ ਲੱਗਦਾ ਹੈ ਸਾਨੂੰ ਨਹੀਂ ਪਤਾ ਕਿ ਸ਼ਰਾਰਤੀ ਅਨਸਰ ਕੌਣ ਹਨ? ਮੈਂ ਤੜਕੇ 2 ਵਜੇ ਤੱਕ ਸਭ ਕਿਤੇ ਉੱਤੇ ਨਿਗਰਾਨੀ ਰੱਖੀ ਹੋਈ ਸੀ। ਬਹੁਤ ਬਹੁਤ ਮੰਦਭਾਗਾ।"

### ਡੇਅਰੀ ਕਿਸਾਨਾਂ ਲਈ ਖੁਸ਼ਖਬਰੀ, ਮਾਨ ਸਰਕਾਰ

ਜਿਸ ਨਾਲ ਦੁੱਧ ਦੀਆਂ ਬਿਹਤਰ ਕੀਮਤਾਂ ਯਕੀਨੀ ਬਣਾਈਆਂ ਜਾ ਸਕਣ। ਇਸ ਫੈਸਲੇ ਨਾਲ ਸੂਬੇ ਦੇ ਲਗਭਗ ਢਾਈ ਲੱਖ ਡੇਅਰੀ ਕਿਸਾਨਾਂ ਨੂੰ ਸਿੱਧਾ ਲਾਭ ਹੋਵੇਗਾ।

ਪਿਛਲੇ ਸਾਲ ਸਰਕਾਰ ਨੇ ਖਰੀਦ ਦਰਾਂ ਵੀ 10 ਰੁਪਏ ਵਧਾ ਕੇ 15 ਰੁਪਏ ਕਰ ਦਿੱਤੀਆਂ ਸਨ। ਇਸ ਤੋਂ ਬਾਅਦ 30 ਅਪ੍ਰੈਲ ਨੂੰ ਵੇਰਕਾ ਨੇ ਦੁੱਧ ਦੀਆਂ ਕੀਮਤਾਂ ਵਿੱਚ 2 ਰੁਪਏ ਪ੍ਰਤੀ ਲੀਟਰ ਵਾਧਾ ਕੀਤਾ। ਹਾਲਾਂਕਿ, ਸਰਕਾਰ ਨੇ ਇਸ ਸਾਲ ਵਿਕਰੀ ਦਰ ਬਾਰੇ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਹੈ। ਮਿਲਕਫੈੱਡ ਮੁਤਾਬਕ ਗਾਂ ਦੇ ਦੁੱਧ ਦਾ ਪੁਰਾਣਾ ਰੇਟ ਲਗਭਗ ?770-780 ਪ੍ਰਤੀ ਕਿਲੋਗ੍ਰਾਮ ਫੈਟ ਸੀ, ਜਿਸ ਨੂੰ ਵਧਾ ਕੇ 780-795 ਰੁਪਏ ਪ੍ਰਤੀ ਕਿਲੋਗ੍ਰਾਮ ਫੈਟ ਕਰ ਦਿੱਤਾ ਗਿਆ ਹੈ, ਜੋ ਕਿ 15 ਰੁਪਏ ਦਾ ਵਾਧਾ ਹੈ। ਮੱਝ ਦੇ ਦੁੱਧ ਦਾ ਪੁਰਾਣਾ ਰੇਟ ਲਗਭਗ 810-820 ਰੁਪਏ ਪ੍ਰਤੀ ਕਿਲੋਗ੍ਰਾਮ ਫੈਟ ਸੀ, ਜੋ ਹੁਣ ਵਧ ਕੇ 820-835 ਰੁਪਏ ਪ੍ਰਤੀ ਕਿਲੋਗ੍ਰਾਮ ਫੈਟ ਹੋ ਗਿਆ ਹੈ। ਮਿਲਕਫੈੱਡ ਮੁਤਾਬਕ ਗਾਂ ਅਤੇ ਮੱਝ ਦੇ ਦੁੱਧ ਦੋਵਾਂ ਦੀ ਕੀਮਤ ਬਰਾਬਰ ਵਧਾਈ ਗਈ ਹੈ, ਹਾਲਾਂਕਿ ਅੰਤਿਮ ਭੁਗਤਾਨ ਫੈਟ ਪ੍ਰਤੀਸ਼ਤ ਦੇ ਆਧਾਰ 'ਤੇ ਤੈਅ ਕੀਤਾ ਜਾਂਦਾ ਹੈ, ਜਿਸ ਨਾਲ ਵੱਖ-ਵੱਖ ਕਿਸਾਨਾਂ ਨੂੰ ਪ੍ਰਾਪਤ ਹੋਣ ਵਾਲੀ ਰਕਮ ਵਿੱਚ ਥੋੜ੍ਹਾ ਫਰਕ ਹੋ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਵੇਰਕਾ ਦੇ ਰੇਟ ਵਾਧੇ ਤੋਂ ਬਾਅਦ, ਨਿੱਜੀ ਡੇਅਰੀਆਂ ਨੂੰ ਵੀ ਆਪਣੀਆਂ ਖਰੀਦ ਕੀਮਤਾਂ ਵਧਾਉਣ ਲਈ ਮਜਬੂਰ ਹੋਣਾ ਪਵੇਗਾ, ਜਿਸ ਨਾਲ ਬਾਜ਼ਾਰ ਵਿੱਚ ਮੁਕਾਬਲਾ ਵਧੇਗਾ ਅਤੇ ਕਿਸਾਨਾਂ ਨੂੰ ਵਧੇਰੇ ਲਾਭ ਮਿਲੇਗਾ।

### ਜਲ ਸੈਨਾ ਭਾਰਤੀ ਵਪਾਰਕ ਜਹਾਜ਼ਾਂ ਅਤੇ

ਵਿਚਾਲੇ ਉਨ੍ਹਾਂ ਦੀਆਂ ਇਹ ਟਿੱਪਣੀਆਂ ਮਹੱਤਵਪੂਰਨ ਮੰਨੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਕ ਮਜ਼ਬੂਤ ਅਤੇ ਸਮਰੱਥ ਜਲ ਸੈਨਾ ਦੇਸ਼ ਲਈ ਵਿਕਲਪ ਨਹੀਂ ਸਗੋਂ ਜ਼ਰੂਰਤ ਹੈ। ਉਨ੍ਹਾਂ ਕਿਹਾ,"ਸਮੁੰਦਰ 'ਚ ਕਈ ਸੰਵੇਦਨਸ਼ੀਲ ਖੇਤਰ ਹਨ, ਜਿੱਥੇ ਸਾਡੀ ਜਲ ਸੈਨਾ ਲਗਾਤਾਰ ਸਰਗਰਮ ਮੌਜੂਦਗੀ ਬਣਾਏ ਰੱਖਦੀ ਹੈ ਤਾਂ ਕਿ ਵਸਤੂਆਂ ਦੀ ਸਪਲਾਈ ਸੁਚਾਰੂ ਬਣੀ ਰਹੇ। ਜਦੋਂ ਵੀ ਉੱਥੇ ਤਣਾਅ ਦੀ ਸਥਿਤੀ ਪੈਦਾ ਹੁੰਦੀ ਹੈ, ਭਾਰਤੀ ਜਲ ਸੈਨਾ ਸਾਡੇ ਵਪਾਰਕ ਜਹਾਜ਼ਾਂ ਅਤੇ ਤੇਲ ਟੈਂਕਰਾਂ ਦੀ ਸੁਰੱਖਿਆ ਯਕੀਨੀ ਕਰਦੀ ਹੈ।" ਸਿੰਘ ਨੇ ਕਿਹਾ ਕਿ ਭਾਰਤੀ ਜਲ ਸੈਨਾ ਨੇ ਇਹ ਸਾਬਿਤ ਕੀਤਾ ਹੈ ਕਿ ਉਹ ਨਾ ਸਿਰਫ਼ ਦੇਸ਼ ਦੇ ਹਿੱਤਾਂ ਦੀ ਰੱਖਿਆ 'ਚ ਸਮਰੱਥ ਹੈ ਸਗੋਂ ਲੋੜ ਪੈਣ 'ਤੇ ਦੁਨੀਆ ਭਰ 'ਚ ਆਪਣੇ ਨਾਗਰਿਕਾਂ ਅਤੇ ਵਪਾਰਕ ਮਾਰਗਾਂ ਦੀ ਸੁਰੱਖਿਆ ਯਕੀਨੀ ਕਰਨ ਲਈ ਹਰ ਕਦਮ ਚੁੱਕ ਸਕਦੀ ਹੈ। ਇਤਿਹਾਸ ਦਾ ਹਵਾਲਾ ਦਿੰਦੇ ਹੋਏ ਰੱਖਿਆ ਮੰਤਰੀ ਨੇ ਕਿਹਾ ਕਿ ਜਲ ਸੈਨਿਕ ਸ਼ਕਤੀ ਨੂੰ ਮਜ਼ਬੂਤ ਕੀਤੇ ਬਿਨਾਂ ਕੋਈ ਵੀ ਦੇਸ਼ ਸਹੀ ਮਾਇਨਿਆਂ 'ਚ ਸ਼ਕਤੀਸ਼ਾਲੀ ਨਹੀਂ ਬਣ ਸਕਦਾ, ਇਸ ਲਈ ਜਦੋਂ ਨਰਿੰਦਰ ਮੋਦੀ 2047 ਤੱਕ 'ਵਿਕਸਿਤ ਭਾਰਤ' ਦੀ ਗੱਲ ਕਰਦੇ ਹਨ ਤਾਂ ਉਸ 'ਚ ਸਮੁੰਦਰੀ ਸ਼ਕਤੀ ਦਾ ਭੂਮਿਕਾ ਬੇਹੱਦ ਮਹੱਤਵਪੂਰਨ ਹੋ ਜਾਂਦੀ ਹੈ।

### ਅਮਿਤ ਸ਼ਾਹ ਦੇ ਹੈਲੀਕਾਪਟਰ 'ਚ ਆਈ ਤਕਨੀਕੀ

ਹੱਥ ਮਜ਼ਬੂਤ ਹੋ ਸਕਣ। ਸ਼ਾਹ ਨੇ ਚੋਣਾਂ ਜਿੱਤਣ ਤੋਂ ਬਾਅਦ ਵਿਜੇ ਜਲੂਸ 'ਚ ਸ਼ਾਮਲ ਹੋਣ ਦਾ ਜਨਤਾ ਨਾਲ ਵਾਅਦਾ ਕੀਤਾ। ਬਾਅਦ 'ਚ ਉਹ ਆਪਣੇ ਅਗਲੇ ਪ੍ਰੋਗਰਾਮ ਲਈ ਗੁਆਂਢੀ ਗਵਾਲਪਾੜਾ ਜ਼ਿਲ੍ਹੇ ਦੇ ਦੁਧਨੋਈ ਲਈ ਰਵਾਨਾ ਹੋਏ।

### ਅਮਰੀਕਾ 'ਚ ਗ਼ੈਰ-ਕਾਨੂੰਨੀ ਢੰਗ ਨਾਲ

ਕਰਕੇ ਕਾਨੂੰਨ ਬਣਾਇਆ। ਇੰਡੀਆਨਾ ਬੀਐਮਵੀ ਨੇ 16 ਮਾਰਚ ਨੂੰ 1,790 ਡਰਾਈਵਰਾਂ ਨੂੰ ਨੋਟਿਸ ਭੇਜਿਆ ਸੀ, ਜਿਸ ਵਿਚ ਲਾਇਸੈਂਸ ਰੱਦ ਕਰਨ ਦੀ ਜਾਣਕਾਰੀ ਦਿੱਤੀ ਗਈ ਸੀ। ਕਾਨੂੰਨ ਲਾਗੂ ਹੁੰਦੇ ਹੀ 1 ਅਪ੍ਰੈਲ ਨੂੰ ਸਾਰੇ ਨਾਨ-ਡੋਮਿਸਾਈਲਡ CDLs (ਜਿਨ੍ਹਾਂ ਕੋਲ 8-21, 8-22, ਜਾਂ 5-2 ਵੀਜ਼ਾ ਨਹੀਂ ਸੀ) ਆਪਣੇ ਆਪ ਐਕਸਪਾਇਰ ਹੋ ਗਏ। ਦੱਸ ਦੇਈਏ ਕਿ ਗੈਰ-ਕਾਨੂੰਨੀ ਢੰਗ ਨਾਲ ਟਰੱਕ ਚਲਾ ਰਹੇ ਪ੍ਰਵਾਸੀਆਂ 'ਤੇ ਕਾਰਵਾਈ ਕਰਨ ਵਾਲਾ ਇੰਡੀਆਨਾ ਅਮਰੀਕਾ ਦਾ ਪਹਿਲਾ ਸੂਬਾ ਹੈ। ਗਵਰਨਰ ਮਾਈਕ ਬਨ ਨੇ ਦੱਸਿਆ ਕਿ ਇਹ ਫੈਸਲਾ ਫਰਵਰੀ, 2026 ਵਿਚ ਪੰਜਾਬੀ ਟਰੱਕ ਡਰਾਈਵਰਾਂ ਵੱਲੋਂ ਕੀਤੇ 2 ਵੱਡੇ ਹਾਦਸਿਆਂ ਤੋਂ ਬਾਅਦ ਲਿਆ ਗਿਆ। ਖਾਸਕਰ ਫਰਵਰੀ, 2026 ਵਿਚ ਸੁਖਦੀਪ ਸਿੰਘ ਦੇ ਟਰੱਕ ਨਾਲ ਹੋਏ ਐਕਸੀਡੈਂਟ ਵਿਚ 64 ਸਾਲਾਂ ਵਿਅਕਤੀ ਦੀ ਮੌਤ ਹੋ ਗਈ ਸੀ। ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਅਨਟ੍ਰੇਂਡ ਤੇ ਅਨਕੁਆਲਿਫਾਈਡ ਡਰਾਈਵਰਾਂ ਨੂੰ ਰੋਕਿਆ ਜਾਏਗਾ, ਸੜਕਾਂ ਸੁਰੱਖਿਅਕਤ ਹੋਣਗੀਆਂ। ਨਵੇਂ ਨਿਯਮ ਵਿਚ ਅੰਗਰੇਜੀ ਆਉਣਾ ਲਾਜਮੀ ਹੈ। ਰੱਦ ਲਾਇਸੈਂਸ ਵਾਲੇ ਟਰੱਕ ਡਰਾਈਵਰਾਂ ਨੂੰ ਨੌਕਰੀ ਦੇਣ ਵਾਲੇ ਟਰੱਕ ਮਾਲਕਾਂ 'ਤੇ 50000 ਡਾਲਰ ਜੁਰਮਾਨਾ ਲੱਗੇਗਾ।

### ਰਾਘਵ ਚੱਢਾ ਜਨਤਕ ਮੁੱਦਿਆਂ 'ਤੇ

ਰਾਘਵ ਚੱਢਾ ਉਸ 'ਤੇ ਦਸਤਖਤ ਨਹੀਂ ਕਰਦੇ। ਉਹ ਮੋਦੀ ਸਰਕਾਰ ਵੱਲੋਂ ਪੰਜਾਬ ਨੂੰ ਉਸ ਦੇ ਅਧਿਕਾਰਾਂ ਤੋਂ ਵਾਂਝਾ ਕਰਨ ਦੀਆਂ ਕੋਸ਼ਿਸ਼ਾਂ 'ਤੇ ਵੀ ਨਹੀਂ ਬੋਲਦੇ। ਜਦੋਂ ਕਈ ਮੁੱਦਿਆਂ 'ਤੇ ਸਦਨ ਤੋਂ ਵਾਕਆਊਟ ਕਰਨ ਦੀ ਗੱਲ ਆਉਂਦੀ ਹੈ ਤਾਂ ਉਹ ਅਜਿਹਾ ਨਹੀਂ ਕਰਦੇ। ਇਹ ਸਾਰੇ ਮੁੱਦੇ ਹਨ ਜਿਨ੍ਹਾਂ ਲਈ ਦੇਸ਼ ਅਤੇ ਜਨਤਾ ਰਾਘਵ ਚੱਢਾ ਤੋਂ ਜਵਾਬ ਮੰਗਦੀ ਹੈ।

ਆਮ ਆਦਮੀ ਪਾਰਟੀ ਦਿੱਲੀ ਦੇ ਸੂਬਾ ਪ੍ਰਧਾਨ ਸੌਰਭ ਭਾਰਦਵਾਜ ਨੇ ਕਿਹਾ ਕਿ ਜੋ ਵੀ ਸਰਕਾਰ ਵਿਰੁੱਧ ਗੰਭੀਰ ਮੁੱਦੇ ਉਠਾਉਂਦਾ ਹੈ, ਸਰਕਾਰ 'ਤੇ ਸਵਾਲ ਉਠਾਉਂਦਾ ਹੈ ਅਤੇ ਲੋਕਾਂ ਲਈ ਬੋਲਦਾ ਹੈ, ਉਸ ਨੂੰ ਤਾਨਾਸ਼ਾਹ ਵਾਂਗ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ ਤੋਂ ਪਾਬੰਦੀ ਲਗਾਈ ਜਾ ਰਹੀ ਹੈ। ਸੌਰਭ ਭਾਰਦਵਾਜ ਨੇ ਕਿਹਾ ਕਿ ਸਰਕਾਰ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਕੋਈ ਸੰਸਦ ਵਿੱਚ ਨਰਮ ਪੀਆਰ ਕਰਦਾ ਹੈ। ਇੱਕ ਛੋਟੀ ਪਾਰਟੀ ਕੋਲ ਸੰਸਦ ਵਿੱਚ ਬਹੁਤ ਘੱਟ ਸਮਾਂ ਹੁੰਦਾ ਹੈ। ਜੇਕਰ ਕੋਈ ਸਮੋਸੇ ਦਾ ਮੁੱਦਾ ਉਠਾ ਰਿਹਾ ਹੈ, ਤਾਂ ਦੇਸ਼ ਦੇ ਵੱਡੇ ਮੁੱਦਿਆਂ ਨੂੰ ਉਠਾਉਣਾ ਜ਼ਿਆਦਾ ਜ਼ਰੂਰੀ ਹੈ। ਸੌਰਭ ਭਾਰਦਵਾਜ ਨੇ ਕਿਹਾ ਕਿ ਸਾਨੂੰ ਪੰਜਾਬ ਦੇ ਮੁੱਦੇ ਉਠਾਉਣੇ ਪੈਣਗੇ। ਤੁਸੀਂ ਉਸ ਜਗ੍ਹਾ ਦੇ ਮੁੱਦੇ ਚੁੱਕਣ ਤੋਂ ਵੀ ਡਰਦੇ ਹੋ ਜਿੱਥੋਂ ਤੁਸੀਂ ਚੁਣੇ ਗਏ ਸੀ। ਹਾਲ ਹੀ ਵਿੱਚ ਗੁਜਰਾਤ ਵਿੱਚ ਲਗਪਗ 160 ਆਮ ਆਦਮੀ ਪਾਰਟੀ ਵਰਕਰਾਂ ਵਿਰੁੱਧ ਝੂਠੇ ਦੋਸ਼ਾਂ ਤਹਿਤ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ ਅਤੇ ਬਹੁਤ ਸਾਰੇ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਪਰ ਤੁਸੀਂ ਇਸ 'ਤੇ ਵੀ ਚੁੱਪ ਰਹੇ। ਆਮ ਆਦਮੀ ਪਾਰਟੀ ਦੇ ਕਈ ਆਗੂ ਜੇਲ੍ਹ ਵਿੱਚ ਸਨ।

ਇਸ ਦੌਰਾਨ ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਆਤਿਸ਼ੀ ਨੇ ਰਾਘਵ ਚੱਢਾ ਤੋਂ ਸਵਾਲ ਕੀਤਾ ਕਿ ਉਹ ਭਾਜਪਾ ਤੋਂ ਇੰਨੇ ਕਿਉਂ ਡਰਦੇ ਸਨ। ਉਹ ਭਾਜਪਾ 'ਤੇ ਸਵਾਲ ਕਰਨ ਤੋਂ ਕਿਉਂ ਡਰਦੇ ਸਨ? ਆਤਿਸ਼ੀ ਨੇ ਕਿਹਾ,÷ਅਸੀਂ ਸਾਰਿਆਂ ਨੇ ਦੇਖਿਆ ਕਿ ਦਿੱਲੀ ਵਿੱਚ ਵੋਟਾਂ ਕਿਵੇਂ ਗਲਤ ਢੰਗ ਨਾਲ ਕੱਟੀਆਂ ਗਈਆਂ। ਭਾਜਪਾ ਵਰਕਰਾਂ ਨੇ ਵੋਟਾਂ ਨਾਲ ਛੇੜਛਾੜ ਕੀਤੀ ਅਤੇ ਭਾਜਪਾ ਨੇ ਚੋਣਾਂ ਚੋਰੀ ਕਰ ਲਈਆਂ।

### ਈਰਾਨੀ ਕੱਚਾ ਤੇਲ ਲੈ ਕੇ ਆ ਰਿਹਾ ਜਹਾਜ਼

ਵਜੋਂ ਦਰਸਾਉਣਾ ਸ਼ੁਰੂ ਕਰ ਦਿੱਤਾ ਹੈ। ਸ਼ਿਪ-ਟਰੈਕਿੰਗ ਫਰਮ ਕੇਪਲਰ ਦੇ ਅਨੁਸਾਰ, ਇਹ ਤਬਦੀਲੀ ਭੁਗਤਾਨ ਨਾਲ ਸਬੰਧਤ ਮੁੱਦਿਆਂ ਕਾਰਨ ਜਾਪਦੀ ਹੈ, ਕਿਉਂਕਿ ਵਿਕਰੇਤਾ ਹੁਣ 30-60 ਦਿਨਾਂ ਦੀ ਕ੍ਰੈਡਿਟ ਵਿੰਡੋ ਦੀ ਬਜਾਏ ਤੁਰੰਤ ਜਾਂ ਨਜ਼ਦੀਕੀ ਮਿਆਦ ਦੇ ਨਿਪਟਾਰੇ ਦੀ ਮੰਗ ਕਰ ਰਹੇ ਹਨ। ਭਾਰਤੀ ਰਿਫਾਇਨਰ ਅਮਰੀਕਾ ਵੱਲੋਂ ਹਾਲ ਹੀ ਵਿੱਚ ਦਿੱਤੀ ਗਈ ਪਾਬੰਦੀਆਂ ਦੀ ਛੋਟ ਤੋਂ ਬਾਅਦ ਈਰਾਨੀ ਤੇਲ ਖਰੀਦਣ ਦੇ ਮੌਕੇ ਤਲਾਸ਼ ਰਹੇ ਸਨ ਪਰ ਭੁਗਤਾਨ ਦੀਆਂ ਸ਼ਰਤਾਂ ਅਤੇ ਈਰਾਨ ਦਾ ਸਵਿਫਟ ਸਿਸਟਮ ਤੋਂ ਬਾਹਰ ਹੋਣਾ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ। 'ਪਿੰਗ ਸ਼ੁਨ' ਵਿੱਚ ਲਗਪਗ 6,00,000 ਬੈਰਲ ਤੇਲ ਹੈ ਜੋ ਖਾਰਗ ਟਾਪੂ ਤੋਂ ਲੱਦਿਆ ਗਿਆ ਸੀ। ਭਾਵੇਂ ਅਮਰੀਕੀ ਛੋਟ 19 ਅਪਰੈਲ ਤੱਕ ਵੈਧ ਹੈ, ਪਰ ਅੰਤਰਰਾਸ਼ਟਰੀ ਬੈਂਕਿੰਗ ਨੈੱਟਵਰਕ ਤੱਕ ਪਹੁੰਚ ਨਾ ਹੋਣ ਕਾਰਨ ਭੁਗਤਾਨ ਕਿਵੇਂ ਕੀਤਾ ਜਾਵੇਗਾ, ਇਹ ਅਜੇ ਵੀ ਅਸਪੱਸ਼ਟ ਹੈ। ਵਾਡੀਨਾਰ ਵਿੱਚ ਰੂਸੀ ਦਿੱਗਜ ਰੋਸਨੇਫਟ ਦੀ ਨਾਇਰਾ ਐਨਰਜੀ ਰਿਫਾਇਨਰੀ ਸਥਿਤ ਹੈ, ਜਿੱਥੇ ਇਹ ਤੇਲ ਉਤਰਨਾ ਸੀ। ਇਹ ਘਟਨਾ ਦਰਸਾਉਂਦੀ ਹੈ ਕਿ ਈਰਾਨੀ ਤੇਲ ਦੇ ਵਪਾਰ ਵਿੱਚ ਹੁਣ ਵਪਾਰਕ ਅਤੇ ਵਿੱਤੀ ਸ਼ਰਤਾਂ ਲੌਜਿਸਟਿਕਸ ਜਿੰਨੀਆਂ ਹੀ ਮਹੱਤਵਪੂਰਨ ਹੋ ਗਈਆਂ ਹਨ।

**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ 2026 : ਪੰਜਾਬ ਨੇ ਬਿਮਾਰੀ-ਮੁਕਤ ਮਾਨਸੂਨ ਸੀਜ਼ਨ ਯਕੀਨੀ ਬਣਾਉਣ ਲਈ ਜ਼ਮੀਨੀ ਪੱਧਰ 'ਤੇ ਕਾਰਵਾਈ ਵਿੱਚ ਲਿਆਂਦੀ ਤੇਜ਼ੀ

## ਸਿਹਤ ਮੰਤਰੀ ਅਤੇ ਵਿੱਤ ਮੰਤਰੀ ਦੀ ਸਾਂਝੀ ਪ੍ਰਧਾਨਗੀ ਹੇਠ ਹੋਈ ਸਟੇਟ ਟਾਸਕ ਫੋਰਸ ਮੀਟਿੰਗ

ਚੰਡੀਗੜ੍ਹ, 3 ਅਪ੍ਰੈਲ, (ਚ.ਨ.ਸ.) : ਆਗਾਮੀ ਹਾਈ-ਟਰਾਂਸਮਿਸ਼ਨ ਸੀਜ਼ਨ ਦੇ ਮੱਦੇਨਜ਼ਰ ਲੋਕਾਂ ਦੀ ਸਿਹਤ ਦੀ ਰੱਖਿਆ ਲਈ ਫੈਸਲਾਕੁੰਨ ਕਦਮ ਚੁੱਕਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਵਿੱਤ ਅਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਾਂਝੇ ਤੌਰ 'ਤੇ ਉੱਚ-ਪੱਧਰੀ ਸਟੇਟ ਟਾਸਕ ਫੋਰਸ ਮੀਟਿੰਗ ਦੀ ਪ੍ਰਧਾਨਗੀ ਕੀਤੀ ਤਾਂ ਜੋ ਸੂਬੇ ਭਰ ਵਿੱਚ ਵੈਕਟਰ- ਬੋਰਨ , ਪਾਣੀ ਤੋਂ ਪੈਦਾ ਹੋਣ ਵਾਲੀਆਂ ਅਤੇ ਜ਼ੂਨੋਟਿਕ ਬਿਮਾਰੀਆਂ ਦੇ ਵਿਰੁੱਧ ਏਕੀਕ੍ਰਿਤ ਪ੍ਰਤੀਕਿਰਿਆ ਤਿਆਰ ਕੀਤੀ ਜਾ ਸਕੇ।

ਸਬੰਧਤ ਵਿਭਾਗਾਂ ਦੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਡੇਂਗੂ, ਮਲੇਰੀਆ, ਚਿਕਨਗੁਨੀਆ, ਰੇਬੀਜ਼ ਅਤੇ ਲੈਪਟੋਸਪਾਇਰੋਸਿਸ ਵਰਗੀਆਂ ਬਿਮਾਰੀਆਂ ਨਾਲ ਨਜਿੱਠਣ ਲਈ ਮਨੁੱਖਾਂ, ਜਾਨਵਰਾਂ ਅਤੇ ਵਾਤਾਵਰਣ ਸਿਹਤ ਰਣਨੀਤੀਆਂ ਨੂੰ ਏਕੀਕ੍ਰਿਤ ਕਰਨ ਵਾਲੀ 'ਵਨ ਹੈਲਥ ' ਪਹੁੰਚ ਦੀ ਬਹੁਤ ਲੋੜ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਨੇ ਆਪਣੇ ਡਾਇਗਨੌਸਟਿਕ ਬੁਨਿਆਦੀ ਢਾਂਚੇ ਨੂੰ ਕਾਫ਼ੀ ਮਜ਼ਬੂਤ ਕੀਤਾ ਹੈ, ਜਿਸਦੇ ਸਿੱਟੇ ਵਜੋਂ ਹੁਣ 47 ਸੈਂਟੀਨੇਲ ਨਿਗਰਾਨੀ ਹਸਪਤਾਲਾਂ ਵਿੱਚ ਡੇਂਗੂ ਅਤੇ ਚਿਕਨਗੁਨੀਆ ਲਈ ਮੁਫ਼ਤ ਈਲੀਸਾ ਟੈਸਟਿੰਗ ਦੀ ਸਹੂਲਤ ਦਿੱਤੀ ਜਾ ਰਹੀ ਹੈ ਅਤੇ ਸਾਰੇ ਆਮ ਆਦਮੀ ਕਲੀਨਿਕਾਂ ਵਿੱਚ ਮਲੇਰੀਆ ਆਰਡੀਟੀ ਅਤੇ ਡੇਂਗੂ ਟੈਸਟਿੰਗ ਦਾ ਵਿਸਥਾਰ ਕੀਤਾ ਜਾ ਰਿਹਾ ਹੈ।

ਵਿਭਾਗ ਦੇ ਯੋਗਦਾਨ ਦੀ ਸਮੀਖਿਆ ਕਰਦਿਆਂ ਡਾ. ਬਲਬੀਰ ਸਿੰਘ ਨੇ ਸਿਹਤ ਵਿਭਾਗ ਨਿਰੰਤਰ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਲ 2021 ਵਿੱਚ ਡੇਂਗੂ ਦੇ 23,389 ਕੇਸ ਸਾਹਮਣੇ ਆਏ ਸਨ, ਜੋ ਸਾਲ 2025 ਵਿੱਚ ਘਟ ਕੇ ਸਿਰਫ਼ 4,981 ਰਹਿ ਗਏ ਹਨ, ਜਦੋਂ ਕਿ ਇਸੇ ਸਮੇਂ ਦੌਰਾਨ ਸਬੰਧਤ ਮੌਤਾਂ ਦੀ ਗਿਣਤੀ 55 ਤੋਂ ਘਟ ਕੇ ਸਿਰਫ਼ 8 ਰਹਿ ਗਈ ਹੈ। ਮੰਤਰੀ ਨੇ ਕਿਹਾ ਕਿ ਮੌਤ ਦਰ ਅਤੇ ਬਿਮਾਰੀ ਦੇ ਫੈਲਾਅ ਵਿੱਚ ਆਈ ਇਹ ਮਹੱਤਵਪੂਰਨ ਗਿਰਾਵਟ ਵਿਭਾਗ ਵੱਲੋਂ ਘਰ-ਘਰ ਜਾ ਕੇ ਕੀਤੀ ਨਿਗਰਾਨੀ ਅਤੇ ਪਿਛਲੇ ਟਰਾਂਸਮਿਸ਼ਨ ਸੀਜ਼ਨ ਦੌਰਾਨ 15 ਮਿਲੀਅਨ ਫੇਰੀਆਂ ਦੀ ਰਣਨੀਤਕ ਪਹੁੰਚ ਦਾ ਪ੍ਰਤੱਖ ਪ੍ਰਮਾਣ ਹੈ।

ਸਿਹਤ ਮੰਤਰੀ ਨੇ ਸਾਰੇ ਵਿਭਾਗਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਕਿ ਇਹ ਯਕੀਨੀ ਬਣਾਇਆ ਜਾਵੇ ਕਿ 'ਹਰ ਸ਼ੁੱਕਰਵਾਰ ਡੇਂਗੂ ਤੇ ਵਾਰ' ਮੁਹਿੰਮ - ਜੋ ਹਰ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸਵੇਰੇ 9:00 ਵਜੇ ਤੱਕ ਚਲਾਈ ਜਾਂਦੀ ਹੈ - ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸ਼ਾਮਲ ਕਰਕੇ ਇਸਨੂੰ ਜਨ ਅੰਦੋਲਨ ਬਣਾਇਆ ਜਾਵੇ ਤਾਂ ਕੂਲਰਾਂ, ਗਮਲਿਆਂ ਅਤੇ ਓਵਰਹੈੱਡ ਟੈਂਕਾਂ ਵਿੱਚ ਖੜ੍ਹਾ ਪਾਣੀ,ਜੋ ਮੱਛਰਾਂ ਦੀਆਂ ਪ੍ਰਜਨਨ ਥਾਵਾਂ ਹਨ, ਦੀ ਪਛਾਣ ਕਰਕੇ ਉਨ੍ਹਾਂ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਡੇਂਗੂ ਕਦੇ ਮੁੱਖ ਤੌਰ 'ਤੇ ਸ਼ਹਿਰੀ ਖ਼ਤਰਾ ਸੀ, ਪਰ 2025 ਵਿੱਚ ਲੱਗਭੱਗ 42 ਫੀਸਦ ਮਾਮਲੇ ਪੇਂਡੂ ਖੇਤਰਾਂ ਤੋਂ ਰਿਪੋਰਟ ਕੀਤੇ ਗਏ, ਜਿਸ ਕਾਰਨ ਫੋਗਿੰਗ, ਪਿੰਡਾਂ ਦੇ ਛੱਪੜਾਂ ਵਿੱਚ ਲਾਰਵੀਸਾਈਡਲ ਸਪਰੇਅ ਅਤੇ ਮੱਛਰਾਂ ਦੇ ਕੰਟਰੋਲ ਲਈ ਗੈਂਬੂਸੀਆ ਮੱਛੀ ਛੱਡਣ ਵੱਲ ਧਿਆਨ ਕੇਂਦਰਿਤ ਕਰਨ ਦੀ ਬਹੁਤ ਲੋੜ ਹੈ।



ਜ਼ੂਨੋਟਿਕ ਖਤਰਿਆਂ 'ਤੇ ਏਜੰਡੇ ਨੂੰ ਅੱਗੇ ਵਧਾਉਂਦਿਆਂ ਸਿਹਤ ਮੰਤਰੀ ਨੇ ਰਾਸ਼ਟਰੀ ਰੇਬੀਜ਼ ਕੰਟਰੋਲ ਪ੍ਰੋਗਰਾਮ 'ਤੇ ਚਰਚਾ ਕੀਤੀ ਅਤੇ ਕਿਹਾ ਕਿ ਰਾਜ ਭਰ ਵਿੱਚ 746 ਸਰਕਾਰੀ ਸਿਹਤ ਸਹੂਲਤਾਂ ਵਿੱਚ ਐਂਟੀ-ਰੇਬੀਜ਼ ਟੀਕੇ ਉਪਲੱਬਧ ਹਨ, ਵਿਭਾਗਾਂ ਨੂੰ ਕੁੱਤਿਆਂ ਦੀ ਆਬਾਦੀ ਵਿੱਚ 70 ਫੀਸਦ ਹਰਡ ਇਮਿਊਨਿਟੀ ਲਈ ਜ਼ਿਲ੍ਹਾ-ਵਾਰ ਪਸ਼ੂ ਜਨਮ ਨਿਯੰਤਰਣ ਸਹੂਲਤਾਂ ਦੀ ਸਿਰਜਣਾ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇੰਟੀਗ੍ਰੇਟਡ ਡਿਜ਼ੀਜ਼ ਸਰਵੀਲੈਂਸ ਪ੍ਰੋਗਰਾਮ ਹੁਣ ਬਿਮਾਰੀ ਦੇ ਫੈਲਾਅ ਦੀ ਅਸਲ-ਸਮੇਂ ਦੀ ਰਿਪੋਰਟਿੰਗ ਲਈ ਆਈਐਚਆਈਪੀ ਪੋਰਟਲ ਦੀ ਵਰਤੋਂ ਕਰ ਰਿਹਾ ਹੈ ਅਤੇ ਉਨ੍ਹਾਂ ਨੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਪ੍ਰਾਈਵੇਟ ਪ੍ਰੈਕਟੀਸ਼ਨਰ ਸਾਰੀਆਂ ਨੋਟੀਫਾਈਬਲ ਬਿਮਾਰੀਆਂ ਦੀ ਤੁਰੰਤ ਰਿਪੋਰਟ ਕਰਨ ਤਾਂ ਜੋ ਸੂਬੇ ਵਿੱਚ ਸਮੇਂ ਸਿਰ ਉਪਚਾਰਕ ਕਾਰਵਾਈਆਂ ਅਮਲ ਵਿੱਚ ਲਿਆਂਦੀਆਂ ਜਾ ਸਕਣ।

ਮੀਟਿੰਗ ਦੌਰਾਨ ਡਾ. ਬਲਬੀਰ ਸਿੰਘ ਨੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਸਥਾਨਕ ਸਰਕਾਰਾਂ ਅਤੇ ਜਲ ਸਪਲਾਈ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਪੀਣ ਵਾਲੇ ਪਾਣੀ ਦੀ 100 ਫੀਸਦ ਕਲੋਰੀਨੇਸ਼ਨ ਯਕੀਨੀ ਬਣਾਈ ਜਾਵੇ ਅਤੇ ਹੈਪੇਟਾਈਟਸ ਏ, ਈ, ਡਾਇਰੀਆ ਅਤੇ ਹੈਜ਼ੇ ਦੇ ਪ੍ਰਕੋਪ ਨੂੰ ਰੋਕਣ ਲਈ ਵਿਸ਼ੇਸ਼ ਤੌਰ 'ਤੇ ਪਛਾਣੇ ਗਏ ਹੌਟਸਪੌਟਸ 'ਤੇ ਰੈਗੂਲਰ ਸੈਂਪਲਿੰਗ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ ਹਾਲ ਹੀ ਵਿੱਚ ਫੈਲੀ ਲੈਪਟੋਸਪਾਇਰੋਸਿਸ ਦੇ ਪ੍ਰਕੋਪ 'ਤੇ ਚਿੰਤਾ ਜ਼ਾਹਰ ਕਰਦਿਆਂ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਉਹ ਇਸ ਪ੍ਰਕੋਪ ਦੇ ਕਾਰਨਾਂ ਦਾ ਪਤਾ ਲਗਾ ਕੇ ਇਸ ਸਬੰਧੀ ਢੁਕਵੇਂ ਸੁਧਾਰਾਂ ਨੂੰ ਯਕਾਨੀ ਬਣਾਉਣ ਲਈ ਡਿਪਟੀ ਕਮਿਸ਼ਨਰ ਨਾਲ ਪਿੰਡ ਦਾ ਦੌਰਾ ਕਰਨਗੇ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਅਜਿਹੀ ਕਿਸੇ ਵੀ ਬਿਮਾਰੀ ਦੇ ਪ੍ਰਕੋਪ ਨੂੰ ਰੋਕਣ ਲਈ ਅਜਿਹੇ ਮਾਮਲਿਆਂ ਵਿੱਚ ਮਾਡਲ ਐਸਓਪੀਜ਼ ਤਿਆਰ ਕੀਤੀ ਜਾਵੇਗੀ।

ਵਿੱਤ ਅਤੇ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਰੋਸਾ ਦਿਵਾਇਆ ਕਿ ਵਿੱਤ ਵਿਭਾਗ ਸਥਿਤੀ ਵਿੱਚ ਸੁਧਾਰ ਨੂੰ ਬਰਕਰਾਰ ਰੱਖਣ ਲਈ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰੇਗਾ।

ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਮੈਂਬਰ ਪੰਜਾਬ ਵਿਕਾਸ ਕਮਿਸ਼ਨ ਅਨੁਰਾਗ ਕੁੰਡੂ, ਐਮਡੀ ਪੀਐਚਐਸਸੀ ਅਮਿਤ ਤਲਵਾੜ, ਸਕੱਤਰ ਸਥਾਨਕ ਸਰਕਾਰਾਂ ਮਨਜੀਤ ਸਿੰਘ ਬਰਾੜ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਡਾ. ਹਿਤਿੰਦਰ ਕੌਰ, ਡਾਇਰੈਕਟਰ ਸਿਹਤ ਸੇਵਾਵਾਂ (ਪਰਿਵਾਰ ਭਲਾਈ) ਡਾ. ਅਦਿਤੀ ਸਲਾਰੀਆ, ਡਾਇਰੈਕਟਰ (ਈ.ਐੱਸ.ਆਈ.) ਡਾ. ਅਨਿਲ ਕੁਮਾਰ ਗੋਇਲ, ਡਿਪਟੀ ਡਾਇਰੈਕਟਰ ਡਾ. ਮੰਜੂ ਬਾਂਸਲ, ਸਹਾਇਕ ਡਾਇਰੈਕਟਰ ਡਾ. ਮਨਮੀਤ ਕੌਰ, ਸਟੇਟ ਪ੍ਰੋਗਰਾਮ ਅਫਸਰ ਐਨ.ਵੀ.ਬੀ.ਡੀ.ਸੀ.ਪੀ. ਡਾ. ਅਰਸ਼ਦੀਪ ਕੌਰ, ਡਾ. ਪ੍ਰਭਲੀਨ ਕੌਰ ਅਤੇ ਸਬੰਧਤ ਵਿਭਾਗਾਂ ਦੇ ਹੋਰ ਅਧਿਕਾਰੀ ਹਾਜ਼ਰ ਸਨ।

# 18 ਜ਼ਿਲ੍ਹਿਆਂ ਦੇ ਗ਼ਰੀਬ ਪਰਿਵਾਰਾਂ ਨੂੰ ਮਿਲੇਗੀ ਵੱਡੀ ਰਾਹਤ

## ਅਸ਼ੀਰਵਾਦ ਸਕੀਮ ਤਹਿਤ 2694 ਲਾਭਪਾਤਰੀਆਂ ਲਈ 13.74 ਕਰੋੜ ਜਾਰੀ : ਡਾ. ਬਲਜੀਤ ਕੌਰ



ਚੰਡੀਗੜ੍ਹ, 3 ਅਪ੍ਰੈਲ, (ਚ.ਨ.ਸ.) ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਮਾਜ ਦੇ ਪੱਛੜੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਪਰਿਵਾਰਾਂ ਨੂੰ ਆਰਥਿਕ ਸਹਾਰਾ ਦੇਣ ਲਈ ਅਸ਼ੀਰਵਾਦ ਸਕੀਮ ਤਹਿਤ ਵਿੱਤੀ ਸਾਲ 2025-26 ਦੌਰਾਨ 2694 ਲਾਭਪਾਤਰੀਆਂ ਨੂੰ 13.74 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਇਹ ਸਹਾਇਤਾ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਧੀਆਂ ਦੇ ਵਿਆਹ ਸਮੇਂ ਵੱਡੀ ਰਾਹਤ ਸਾਬਤ ਹੋ ਰਹੀ ਹੈ ਅਤੇ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਕੋਈ ਵੀ ਯੋਗ ਪਰਿਵਾਰ ਇਸ ਸਹੂਲਤ ਤੋਂ ਵਾਂਝਾ ਨਾ ਰਹੇ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਜ਼ਿਲ੍ਹਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ, ਮਾਨਸਾ, ਮੋਗਾ, ਪਟਿਆਲਾ, ਪਠਾਨਕੋਟ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ ਜ਼ਿਲ੍ਹਿਆਂ ਦੇ ਲਾਭਪਾਤਰੀਆਂ ਨੂੰ ਇਹ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ।

ਸਮਾਜਿਕ ਨਿਆਂ ਮੰਤਰੀ ਨੇ ਦੱਸਿਆ ਕਿ ਇਸ ਰਾਸ਼ੀ ਨਾਲ ਜ਼ਿਲ੍ਹਾ ਬਰਨਾਲਾ ਦੇ 70, ਬਠਿੰਡਾ ਦੇ 253, ਫਰੀਦਕੋਟ ਦੇ 13, ਫਿਰੋਜ਼ਪੁਰ ਦੇ 38, ਸ੍ਰੀ ਫਤਹਿਗੜ੍ਹ ਸਾਹਿਬ ਦੇ 72, ਗੁਰਦਾਸਪੁਰ ਦੇ 211, ਹੁਸ਼ਿਆਰਪੁਰ ਦੇ 267, ਲੁਧਿਆਣਾ ਦੇ 134 ਅਤੇ ਮਾਨਸਾ ਦੇ 275 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜ਼ਿਲ੍ਹਾ ਮੋਗਾ ਦੇ 43, ਪਟਿਆਲਾ ਦੇ 129, ਪਠਾਨਕੋਟ ਦੇ 212, ਰੂਪਨਗਰ ਦੇ 336, ਐਸ.ਏ.ਐਸ. ਨਗਰ ਦੇ 163, ਐਸ.ਬੀ.ਐਸ. ਨਗਰ ਦੇ 29, ਸੰਗਰੂਰ ਦੇ 79, ਮਾਲੇਰਕੋਟਲਾ ਦੇ 171 ਅਤੇ ਤਰਨਤਾਰਨ ਦੇ 199 ਲਾਭਪਾਤਰੀਆਂ ਨੂੰ ਵੀ ਲਾਭ ਦਿੱਤਾ ਗਿਆ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਘੱਟ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਜਿਸ ਨਾਲ ਪਰਿਵਾਰਾਂ ਨੂੰ ਵੱਡੀ ਆਰਥਿਕ ਮੱਦਦ ਮਿਲਦੀ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ ਅਤੇ ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹੋਵੇ। ਉਨ੍ਹਾਂ ਦੱਸਿਆ ਕਿ ਪਰਿਵਾਰ ਦੀ ਸਾਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਣ ਦੀ ਸਥਿਤੀ ਵਿੱਚ ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹੁੰਦੀਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਡੀ.ਬੀ.ਟੀ. ਰਾਹੀਂ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ, ਜਿਸ ਨਾਲ ਪਾਰਦਰਸ਼ਤਾ ਅਤੇ ਸਮੇਂ ਸਿਰ ਸਹਾਇਤਾ ਯਕੀਨੀ ਬਣਾਈ ਜਾਂਦੀ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਖਾਸ ਕਰਕੇ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।

# ਮੋਹਿੰਦਰ ਭਗਤ ਅਤੇ ਦੀਪਕ ਬਾਲੀ ਨੇ ਦਮੜੀ ਯਾਤਰਾ ਲਈ ਵਿਸ਼ੇਸ਼ ਰੇਲ ਹਰਿਦੁਆਰ ਲਈ ਕੀਤੀ ਰਵਾਨਾ



ਜਲੰਧਰ, 3 ਅਪ੍ਰੈਲ, (ਚ.ਨ.ਸ.) : ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਵੱਲੋਂ ਅੱਜ ਸੰਤ ਨਿਰਮਲ ਦਾਸ ਜੀ ਜੌੜੇ ਵਾਲੇ, ਸੰਤ ਪ੍ਰਗਟ ਨਾਥ ਅਤੇ ਹੋਰ ਸੰਤਾਂ-ਮਹਾਂਪੁਰਖਾਂ ਦੀ ਰਹਿਨੁਮਾਈ ਹੇਠ ਦਮੜੀ ਯਾਤਰਾ ਨੂੰ ਵਿਸ਼ੇਸ਼ ਟ੍ਰੇਨ ਰਾਹੀਂ ਸਥਾਨਕ ਸਿਟੀ ਰੇਲਵੇ ਸਟੇਸ਼ਨ ਤੋਂ ਹਰਿਦੁਆਰ ਲਈ ਰਵਾਨਾ ਕੀਤਾ ਗਿਆ।

ਇਸ ਮੌਕੇ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਨੇ ਸੰਬੋਧਨ ਕਰਦਿਆਂ ਲੋਕਾਂ ਨੂੰ ਸਮਾਨਤਾਵਾਦੀ ਸਮਾਜ ਦੀ ਸਿਰਜਣਾ ਲਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮੁੱਚੀ ਮਨੁੱਖਤਾ ਨੂੰ ਆਪਸੀ ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਸਮੁੱਚੀ ਲੋਕਾਈ ਦਾ ਹਮੇਸ਼ਾ ਮਾਰਗਦਰਸ਼ਨ ਕਰਦੀਆਂ ਰਹਿਣਗੀਆਂ, ਜੋ ਸਾਨੂੰ ਜਾਤ, ਧਰਮ ਅਤੇ ਨਸਲ ਦੇ ਵਖਰੇਵੇਂ ਤੋਂ ਉੱਪਰ ਉੱਠਣ ਦਾ ਸੰਦੇਸ਼ ਦਿੰਦੀਆਂ ਹਨ।

ਸ੍ਰੀ ਭਗਤ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਇਹ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੁਨੀਆ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਲਈ ਪੰਜਾਬ ਸਰਕਾਰ ਵੱਲੋਂ ਅਣਥੱਕ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਵੱਲੋਂ ਗੁਰੂ ਰਵਿਦਾਸ ਜੀ ਦੇ ਆਉਣ ਵਾਲੇ 650ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਵਿਆਪਕ ਪ੍ਰੋਗਰਾਮ ਉਲੀਕੇ ਗਏ ਹਨ।

ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦਮੜੀ ਯਾਤਰਾ ਲਈ ਸੰਗਤਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਉਹ ਕੌਮਾਂ ਹਮੇਸ਼ਾ ਅੱਗੇ ਵਧਦੀਆਂ ਅਤੇ ਤਰੱਕੀ ਕਰਦੀਆਂ ਹਨ, ਜਿਹੜੀਆਂ ਆਪਣੇ ਗੁਰੂਆਂ-ਪੀਰਾਂ, ਸੰਤਾਂ ਨੂੰ ਯਾਦ ਰੱਖਦੀਆਂ ਹੋਈਆਂ ਉਨ੍ਹਾਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਸਾਡੇ ਮਹਾਨ ਗੁਰੂਆਂ ਅਤੇ ਸੰਤਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਦੇ ਹੋਏ ਹਰ ਵਰਗ ਦੀ ਭਲਾਈ ਅਤੇ ਖੁਸ਼ਹਾਲੀ ਲਈ ਲਗਾਤਾਰ ਕੰਮ ਕਰ ਰਹੀ ਹੈ।

ਇਸ ਮੌਕੇ ਸੰਤ ਸਤਵਿੰਦਰ ਹੀਰਾ, ਭੈਣ ਸੰਤੋਸ਼, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ ਤੋਂ ਇਲਾਵਾ ਸੰਤ ਸਮਾਜ ਅਤੇ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

# ਪੰਜਾਬ ਸਰਕਾਰ ਨੇ ਰਿਕਾਰਡ 1,300 ਕਰੋੜ ਦੇ ਸੜਕੀ ਕੰਮਾਂ ਅਤੇ ਵਿਆਪਕ ਨਾਗਰਿਕ ਸੁਧਾਰਾਂ ਨਾਲ ਸ਼ਹਿਰੀ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਲਿਆਂਦੀ ਤੇਜ਼ੀ




ਚੰਡੀਗੜ੍ਹ, 3 ਅਪ੍ਰੈਲ, (ਚ.ਨ.ਸ.) : ਸਥਾਨਕ ਸਰਕਾਰਾਂ, ਉਦਯੋਗ ਅਤੇ ਵਣਜ, ਨਿਵੇਸ਼ ਪ੍ਰੋਤਸਾਹਨ ਅਤੇ ਬਿਜਲੀ ਮੰਤਰੀ ਸੰਜੀਵ ਅਰੋੜਾ ਨੇ ਅੱਜ ਸ਼ਹਿਰੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਬਿਹਤਰ ਢੰਗ ਨਾਲ ਸੇਵਾ ਪ੍ਰਦਾਨ ਕਰਨ ਅਤੇ ਸੂਬੇ ਦੇ ਨਾਗਰਿਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਵਿਆਪਕ ਪਹਿਲਕਦਮੀਆਂ ਅਤੇ ਸੁਧਾਰਾਂ ਦਾ ਐਲਾਨ ਕੀਤਾ।

ਲੋਕਾਂ ਨੂੰ ਰਾਹਤ ਪ੍ਰਦਾਨ ਕਰਨ ਸਬੰਧੀ ਉਪਾਵਾਂ 'ਤੇ ਚਾਨਣਾ ਪਾਉਂਦਿਆਂ ਮੰਤਰੀ ਨੇ ਦੱਸਿਆ ਕਿ ਸੁਧਾਰ ਟਰੱਸਟਾਂ ਲਈ ਯਕਮੁਸ਼ਤ ਨਿਪਟਾਰਾ (ਓਟੀਐਸ) ਯੋਜਨਾ 30 ਅਪ੍ਰੈਲ, 2026 ਤੱਕ ਮੁੜ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਨਾਨ-ਕੰਸਟਰਕਸ਼ਨ ਫੀਸ (ਐਨਸੀਐਫ) 'ਤੇ ਲੱਗਭੱਗ 50 ਫੀਸਦ ਦੀ ਛੋਟ ਦਿੱਤੀ ਜਾ ਰਹੀ ਹੈ, ਜਿਸ ਨਾਲ ਜਾਇਦਾਦ ਮਾਲਕਾਂ ਨੂੰ ਵੱਡੀ ਵਿੱਤੀ ਰਾਹਤ ਮਿਲੇਗੀ।

ਇੱਕ ਵੱਡੀ ਪ੍ਰਾਪਤੀ ਹਾਸਲ ਕਰਦਿਆਂ ਵਿੱਤੀ ਸਾਲ 2025-26 ਲਈ ਹਾਊਸ ਟੈਕਸ ਦੀ ਵਸੂਲੀ 600 ਕਰੋੜ ਰੁਪਏ ਤੱਕ ਪਹੁੰਚ ਗਿਆ ਹੈ ਜੋ ਕਿ ਵਿੱਤੀ ਸਾਲ 2024-25 ਵਿੱਚ 500 ਕਰੋੜ ਰੁਪਏ ਸੀ। ਇਹ ਵਾਧਾ ਸ਼ਹਿਰੀ ਸਥਾਨਕ ਇਕਾਈਆਂ ਦੀ ਬਿਹਤਰ ਕੁਸ਼ਲਤਾ, ਪਾਰਦਰਸ਼ਤਾ ਅਤੇ ਪਾਲਣਾ ਨੂੰ ਦਰਸਾਉਂਦਾ ਹੈ।

ਸ਼ਹਿਰੀ ਬੁਨਿਆਦੀ ਢਾਂਚੇ ਨੂੰ ਹੁਲਾਰਾ ਦਿੰਦਿਆਂ ਮੰਤਰੀ ਨੇ ਕਿਹਾ ਕਿ ਨਗਰ ਨਿਗਮਾਂ ਅਤੇ ਕੌਂਸਲਾਂ ਵਿੱਚ 1,300 ਕਰੋੜ ਰੁਪਏ ਦੀ ਲਾਗਤ ਨਾਲ 2,120 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੂੰ ਮਈ 2026 ਦੇ ਅੰਤ ਤੱਕ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਹੈ। ਸਥਾਈ ਮੁਰੰਮਤ ਲਈ ਨਵੀਨਤਮ ਤਕਨਾਲੋਜੀ ਦੀ ਵਰਤੋਂ ਕਰਦਿਆਂ ਮਾਨਸੂਨ ਤੋਂ ਪਹਿਲਾਂ ਸੜਕਾਂ 'ਤੇ ਟੋਇਆਂ ਦੀ ਪੂਰੀ ਤਰ੍ਹਾਂ ਮੁਰੰਮਤ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਵਪਾਰ ਕਰਨ ਵਿੱਚ ਆਸਾਨੀ ਨੂੰ ਉਤਸ਼ਾਹਿਤ ਕਰਨ ਲਈ ਬਿਲਡਿੰਗ ਪਲਾਨ ਸਬੰਧੀ ਪ੍ਰਵਾਨਗੀ ਪ੍ਰਕਿਰਿਆ ਨੂੰ ਸਰਲ ਬਣਾਇਆ ਗਿਆ ਹੈ। ਫਾਈਲਾਂ ਹੁਣ ਦੋ ਵਾਰ ਦੀ ਬਜਾਏ ਸਿਰਫ਼ ਇੱਕ ਵਾਰ ਕਮਿਸ਼ਨਰ ਕੋਲ ਜਮ ?ਹਾਂ ਕਰਵਾਈਆਂ ਜਾਣਗੀਆਂ, ਜਿਸ ਨਾਲ ਪ੍ਰਕਿਰਿਆ ਦੇ ਸਮੇਂ ਵਿੱਚ ਕਾਫ਼ੀ ਕਮੀ ਆਵੇਗੀ। ਇਸ ਤੋਂ ਇਲਾਵਾ, ਐਸਟੀਪੀ ਪ੍ਰਵਾਨਗੀਆਂ ਹੁਣ ਸਿਰਫ਼ ਅੱਧੇ ਏਕੜ ਅਤੇ ਇਸ ਤੋਂ ਵੱਧ ਖੇਤਰ ਵਾਲੇ ਪਲਾਟਾਂ ਲਈ ਲੋੜੀਂਦੀਆਂ ਹੋਣਗੀਆਂ ਜਦੋਂਕਿ ਪਹਿਲਾਂ ਇਹ ਪ੍ਰਵਾਨਗੀ 500 ਵਰਗ ਗਜ਼ ਤੱਕ ਲੋੜੀਂਦੀ ਸੀ।

ਪ੍ਰਵਾਨਗੀਆਂ ਵਿੱਚ ਹੋਰ ਤੇਜ਼ੀ ਲਿਆਉਣ ਲਈ, ਜ਼ਿਲ੍ਹਾ ਅਤੇ ਮੁੱਖ ਦਫ਼ਤਰ ਪੱਧਰ 'ਤੇ ਇੱਕ ਸਿੰਗਲ-ਵਿੰਡੋ ਕਮੇਟੀ ਸਿਸਟਮ ਸ਼ੁਰੂ ਕੀਤਾ ਗਿਆ ਹੈ। ਇਸ ਸਿਸਟਮ ਤਹਿਤ ਸਾਰੇ ਸਬੰਧਤ ਅਧਿਕਾਰੀ ਇੱਕੋ ਵਾਰ ਪ੍ਰਵਾਨਗੀਆਂ ਦੇ ਸਕਣਗੇ, ਜਿਸ ਨਾਲ ਸਮੇਂ ਦੀ ਬੱਚਤ ਹੋਵੇਗੀ।

ਐਮਰਜੈਂਸੀ ਰਿਸਪਾਂਸ ਸਿਸਟਮ ਨੂੰ ਮਜ਼ਬੂਤ ਕਰਦਿਆਂ ਸਰਕਾਰ ਵੱਲੋਂ 131 ਕਰੋੜ ਰੁਪਏ ਦੇ ਨਿਵੇਸ਼ ਨਾਲ ਫਾਇਰ ਸਰਵਿਸਿਜ਼ ਦਾ ਆਧੁਨਿਕੀਕਰਨ ਕੀਤਾ ਜਾ ਰਿਹਾ ਹੈ, ਜਿਸ ਵਿੱਚ ਉੱਨਤ ਫਾਇਰ ਟੈਂਡਰਾਂ ਦੀ ਖਰੀਦ ਅਤੇ ਸੂਬੇ ਭਰ ਵਿੱਚ 13 ਨਵੇਂ ਫਾਇਰ ਸਟੇਸ਼ਨਾਂ ਦੀ ਸਥਾਪਨਾ ਸ਼ਾਮਲ ਹੈ।

ਮੰਤਰੀ ਨੇ ਇਹ ਵੀ ਦੱਸਿਆ ਕਿ ਮੁਕੰਮਲ ਸੀਵਰੇਜ ਨੈੱਟਵਰਕ ਦੀ ਸਫਾਈ ਪਹਿਲ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ ਅਤੇ ਮਾਨਸੂਨ ਦੀ ਸ਼ੁਰੂਆਤ ਤੋਂ ਪਹਿਲਾਂ ਇਸਨੂੰ ਪੂਰਾ ਕਰ ਲਿਆ ਜਾਵੇਗਾ। ਜਿੱਥੇ ਵੀ ਸੰਭਵ ਹੋਵੇ, ਉੱਥੇ 9 ਵਿਸ਼ੇਸ਼ ਵੈਂਡਰਜ਼ ਰਾਹੀਂ ਸੁਪਰ ਸਕਸ਼ਨ ਮਸ਼ੀਨਾਂ ਤਾਇਨਾਤ ਕੀਤੀਆਂ ਜਾ ਰਹੀਆਂ ਹਨ।

ਇਸ ਤੋਂ ਇਲਾਵਾ, ਵਿੱਤੀ ਸਾਲ 2025-26 ਲਈ ਸੂਬੇ ਭਰ ਵਿੱਚ 450 ਕਰੋੜ ਰੁਪਏ ਦੇ ਸੀਵਰੇਜ ਪ੍ਰੋਜੈਕਟ ਪਹਿਲਾਂ ਹੀ ਅਲਾਟ ਕੀਤੇ ਜਾ ਚੁੱਕੇ ਹਨ ਅਤੇ ਇਹਨਾਂ ਨੂੰ ਮੌਜੂਦਾ ਵਿੱਤੀ ਸਾਲ ਵਿੱਚ ਪੂਰੇ ਕਰਨ ਦਾ ਟੀਚਾ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਮੌਜੂਦਾ ਤਿਮਾਹੀ ਵਿੱਚ 700 ਕਰੋੜ ਰੁਪਏ ਦੇ ਪ੍ਰੋਜੈਕਟ ਅਲਾਟ ਕੀਤੇ ਜਾਣਗੇ।

ਜਲ ਪ੍ਰਬੰਧਨ 'ਤੇ, ਵਿੱਤੀ ਸਾਲ 2025-26 ਵਿੱਚ ਸਤਹੀ ਜਲ ਪ੍ਰੋਜੈਕਟਾਂ ਲਈ 700 ਕਰੋੜ ਰੁਪਏ ਦੇ ਕੰਮ ਅਲਾਟ ਕੀਤੇ ਗਏ ਸਨ, ਜਿਸਦਾ ਉਦੇਸ਼ ਭੂਮੀਗਤ ਪਾਣੀ ਦੀ ਸੰਭਾਲ ਅਤੇ ਸਾਫ਼ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣਾ ਸੀ। ਇਸ ਤੋਂ ਇਲਾਵਾ ਮੌਜੂਦਾ ਤਿਮਾਹੀ ਵਿੱਚ ਲੱਗਭੱਗ 800 ਕਰੋੜ ਰੁਪਏ ਦੇ 30 ਵਾਟਰ ਟਰੀਟਮੈਂਟ ਪਲਾਂਟ ਵੀ ਅਲਾਟ ਕੀਤੇ ਜਾਣਗੇ।

ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਕਿਹਾ,

ਪੰਜਾਬ ਸ਼ਹਿਰੀ ਤਬਦੀਲੀ ਦੇ ਨਵੇਂ ਪੜਾਅ ਦਾ ਸਾਖੀ ਬਣ ਰਿਹਾ ਹੈ। ਵੱਡੇ ਪੱਧਰ 'ਤੇ ਬੁਨਿਆਦੀ ਢਾਂਚੇ ਦੇ ਵਿਕਾਸ ਤੋਂ ਲੈ ਕੇ ਪ੍ਰਵਾਨਗੀਆਂ ਨੂੰ ਸਰਲ ਬਣਾਉਣ ਅਤੇ ਨਾਗਰਿਕ ਸੇਵਾਵਾਂ ਨੂੰ ਬਿਹਤਰ ਬਣਾਉਣ ਤੱਕ ਹਰ ਪਹਿਲ ਸਾਡੇ ਨਾਗਰਿਕਾਂ ਲਈ ਬਿਹਤਰ ਸਹੂਲਤਾਂ, ਤੇਜ਼ ਸੇਵਾਵਾਂ ਅਤੇ ਜੀਵਨ ਦੀ ਉੱਚ ਗੁਣਵੱਤਾ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਹੈ।

# ਅਗਲੀ ਅਕਾਲੀ ਦਲ ਦੀ ਸਰਕਾਰ ਕੰਢੀ ਇਲਾਕੇ ਵਾਸਤੇ ਵਿਸ਼ੇਸ਼ ਉਦਯੋਗਿਕ ਪੈਕੇਜ ਲਾਗੂ ਕਰੇਗੀ : ਬਾਦਲ



ਚੱਬੇਵਾਲ, 3 ਅਪ੍ਰੈਲ (ਚ.ਨ.ਸ.) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਐਲਾਨ ਕੀਤਾ ਕਿ 2027 ਵਿਚ ਅਗਲੀ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਕੰਢੀ ਇਲਾਕੇ ਵਾਸਤੇ ਵਿਸ਼ੇਸ਼ ਉਦਯੋਗਿਕ ਪੈਕੇਜ ਲਾਗੂ ਕਰੇਗੀ ਅਤੇ ਨਾਲ ਹੀ ਕੰਢੀ ਏਰੀਆ ਡਵੈਲਪਮੈਂਟ ਮੰਤਰਾਲਾ ਸਥਾਪਿਤ ਕਰੇਗੀ। ਇੱਥੇ ਇਕ ਸੀਨੀਅਰ ਆਗੂ ਹਰਮਿੰਦਰ ਸਿੰਘ ਸੰਧੂ ਦੇ ਨਾਲ ਰਲ ਕੇ ਵਿਸ਼ਾਲ ਰੈਲੀ ਜਿਸ ਵਿਚ ਭਾਰੀ ਬਰਸਾਤ ਦੇ ਬਾਵਜੂਦ ਲੋਕ ਕੁਰਸੀਆਂ ਮੂਧੀਆਂ ਕਰ ਕੇ ਡਟੇ ਰਹੇ, ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਕੰਢੀ ਪੱਟੀ ਵਾਸਤੇ ਵਿਸ਼ੇਸ਼ ਉਦਯੋਗਿਕ ਪੈਕੇਜ ਲਾਗੂ ਕਰਨ ਵਾਸਤੇ ਵਚਨਬੱਧ ਹੈ ਜਿਸ ਵਿਚ ਬਿਜਲੀ ਤੇ ਟੈਕਸ ਸਬਸਿਡੀਆਂ ਵੀ ਹੋਣਗੀਆਂ ਤੇ ਅਸੀਂ ਪਠਾਨਕੋਟ ਤੋਂ ਚੰਡੀਗੜ੍ਹ ਤੇ ਅੰਮ੍ਰਿਤਸਰ ਤੋਂ ਸ੍ਰੀ ਆਨੰਦਪੁਰ ਸਾਹਿਬ ਤੱਕ ਹਾਈਵੇ ਵੀ ਬਣਾਵਾਂਗੇ ਤਾਂ ਜੋ ਖੇਤਰ ਵਿਚ ਸੜਕੀ ਆਵਾਜਾਈ ਸੁਖਾਲੀ ਹੋਵੇ।

ਸਰਦਾਰ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਅਕਾਲੀ ਦਲ ਦੀ ਸਰਕਾਰ ਬਣਨ 'ਤੇ ਕੰਢੀ ਏਰੀਆ ਡਵੈਲਪਮੈਂਟ ਮੰਤਰਾਲਾ ਵੀ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਇਹ ਮੰਤਰਾਲਾ ਕੰਢੀ ਇਲਾਕੇ ਦੇ ਵਿਕਾਸ 'ਤੇ ਧਿਆਨ ਕੇਂਦਰਤ ਕਰੇਗਾ ਅਤੇ ਸਰਕਾਰੀ ਟਿਊਬਵੈੱਲ ਲਗਾ ਕੇ ਤੁਪਕਾ ਸਿੰਜਾਈ ਪ੍ਰਣਾਲੀ ਤੇ ਜ਼ਮੀਨਦੋਜ਼ ਪਾਈਪਾਂ ਪਾ ਕੇ ਕਿਸਾਨਾਂ ਨੂੰ ਸਹੂਲਤ ਦਿੱਤੀ ਜਾਵੇਗੀ।

ਅਕਾਲੀ ਦਲ ਦੇ ਆਗੂ ਨੇ ਇਸ ਬਾਰੇ ਵੀ ਗੱਲ ਕੀਤੀ ਕਿ ਕਿਵੇਂ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਢੇਰੀ ਹੋ ਗਈ ਹੈ ਅਤੇ ਮੰਤਰੀ ਗੈਂਗਸਟਰਾਂ ਨਾਲ ਰਲ ਕੇ ਲੋਕਾਂ ਨੂੰ ਡਰਾ ਧਮਕਾ ਕੇ ਫਿਰੌਤੀਆਂ ਵਸੂਲ ਰਹੇ ਹਨ। ਉਹਨਾਂ ਕਿਹਾ ਕਿ ਹਾਲਾਤ ਅਜਿਹੇ ਬਣ ਗਏ ਹਨ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਲੋਕਾਂ ਤੱਕ ਪਹੁੰਚ ਖਤਮ ਕਰ ਦਿੱਤੀ ਹੈ ਤੇ ਉਹ ਆਪ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਏਜੰਡਾ ਲਾਗੂ ਕਰਨ ਵਿਚ ਰੁੱਝੇ ਹੋਏ ਹਨ। ਉਹਨਾਂ ਕਿਹਾ ਕਿ ਭਗਵੰਤ ਮਾਨ ਨੂੰ ਤਾਂ ਹੁਣ ਬਿਨਾਂ ਲਾਕ ਡਾਊਨ ਲਾਗੂ ਕੀਤਿਆਂ ਤੇ ਆਪਣੇ ਪਿੰਡ ਤੇ ਨੇੜਲੇ ਇਲਾਕਿਆਂ ਦੇ ਹਥਿਆਰ ਜ਼ਬਤ ਕੀਤੇ ਬਗੈਰ ਆਪਣੇ ਹੀ ਪਿੰਡ ਜਾਣ ਦੀ ਹਿੰਮਤ ਨਹੀਂ ਹੁੰਦੀ। ਉਹਨਾਂ ਨੇ ਮੁੱਖ ਮੰਤਰੀ ਦੀ ਇਸ ਗੱਲ ਲਈ ਵੀ ਨਿਖੇਧੀ ਕੀਤੀ ਕਿ ਪੰਜਾਬ ਦੇ ਆੜ੍ਹਤੀਆਂ ਨੂੰ ਹੁਣ ਗੁਆਂਢੀ ਰਾਜ ਦੇ ਮੁੱਖ ਮੰਤਰੀ ਨੂੰ ਜਾ ਕੇ ਮੰਗ ਪੱਤਰ ਦੇਣੇ ਪੈ ਰਹੇ ਹਨ।

ਸਰਦਾਰ ਬਾਦਲ ਨੇ ਆਪ ਸਰਕਾਰ ਵੱਲੋਂ ਫੈਲਾਏ ਵਿਆਪਕ ਭ੍ਰਿਸ਼ਟਾਚਾਰ ਦੀ ਵੀ ਗੱਲ ਕੀਤੀ। ਉਹਨਾਂ ਕਿਹਾ ਕਿ ਆਪ ਸਰਕਾਰੀ ਖਰਚੇ 'ਤੇ ਸਿਆਸੀ ਰੈਲੀਆਂ ਕਰ ਰਹੀ ਹੈ ਅਤੇ ਟੈਂਟਾਂ, ਕੁਰਸੀਆਂ ਤੇ ਕੈਟਰਿੰਗ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਰੈਲੀਆਂ 'ਤੇ ਹੁੰਦੇ ਕਰੋੜਾਂ ਰੁਪਏ ਦੇ ਖਰਚ ਵਿਚੋਂ ਅੱਧਾ ਹਿੱਸਾ ਕਮਿਸ਼ਨ ਦੇ ਰੂਪ ਵਿਚ ਪਾਰਟੀ ਦੀ ਦਿੱਲੀ ਲੀਡਰਸ਼ਿਪ ਨੂੰ ਦਿੱਤਾ ਜਾ ਰਿਹਾ ਹੈ। ਉਹਨਾਂ ਨੇ ਆਪ ਵੱਲੋਂ ਗੁਜਰਾਤ ਵਿਚ ਚੋਣ ਪ੍ਰਚਾਰ ਦੌਰਾਨ ਝੂਠੇ ਦਾਅਵੇ ਕਰਨ ਦੀ ਵੀ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਭਗਵੰਤ ਮਾਨ ਦਾਅਵਾ ਕਰ ਰਹੇ ਹਨ ਕਿ ਆਪ ਸਰਕਾਰ ਨੇ ਹੀ ਪੰਜਾਬ ਵਿਚ ਹਰ ਚਾਰ ਪਿੰਡਾਂ ਪਿੱਛੇ ਮੰਡੀਆਂ ਸਥਾਪਿਤ ਕੀਤੀਆਂ ਹਨ ਜਦੋਂ ਕਿ ਅਰਵਿੰਦ ਕੇਜਰੀਵਾਲ ਆਖ ਰਹੇ ਹਨ ਕਿ ਆਪ ਸਰਕਾਰ ਨੇ ਔਰਤਾਂ ਨੂੰ ਇਕ-ਇਕ ਹਜ਼ਾਰ ਰੁਪਏ ਦੇਣਾ ਸ਼ੁਰੂ ਕਰ ਦਿੱਤਾ ਹੈ।

ਸਰਦਾਰ ਬਾਦਲ ਨੇ ਮੁੱਖ ਮੰਤਰੀ ਨੂੰ ਪੁੱਛਿਆ ਕਿ ਉਹ ਆਪ ਸਰਕਾਰ ਦੇ ਕਾਰਜਕਾਲ ਵਿਚ 1.5 ਲੱਖ ਕਰੋੜ ਰੁਪਏ ਦਾ ਨਿਵੇਸ਼ ਬਾਰੇ ਝੂਠੇ ਦਾਅਵੇ ਕਿਉਂ ਕਰ ਰਹੇ ਹਨ ਜਦੋਂ ਕਿ ਆਰ ਟੀ ਆਈ ਦੀ ਜਾਣਕਾਰੀ ਮੁਤਾਬਕ ਨਿਵੇਸ਼ ਸਿਰਫ 2600 ਕਰੋੜ ਰੁਪਏ ਦਾ ਹੋਇਆ ਹੈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਸੰਬੋਧਨ ਕੀਤਾ ਜਿਹਨਾਂ ਦੱਸਿਆ ਕਿ ਜਸਟਿਸ (ਸੇਵਾ ਮੁਕਤ) ਜ਼ੋਰਾ ਸਿੰਘ ਜਿਹਨਾਂ ਨੂੰ ਬੇਅਦਬੀ ਮਾਮਲਿਆਂ ਦੀ ਜਾਂਚ ਸੌਂਪੀ ਗਈ ਸੀ, ਨੇ ਦੱਸਿਆ ਸੀ ਕਿ ਸੂਬੇ ਵਿਚ ਬੇਅਦਬੀ ਦੀਆਂ ਘਟਨਾਵਾਂ ਪਿੱਛੇ ਅਰਵਿੰਦ ਕੇਜਰੀਵਾਲ ਦਾ ਹੱਥ ਹੈ।

ਇਸ ਮੌਕੇ ਡਾ. ਦਲਜੀਤ ਸਿੰਘ ਚੀਮਾ ਤੇ ਹੀਰਾ ਸਿੰਘ ਗਾਬੜੀਆ ਨੇ ਵੀ ਰੈਲੀ ਨੂੰ ਸੰਬੋਧਨ ਕੀਤਾ। ਇਸ ਮੌਕੇ ਸੋਹਣ ਸਿੰਘ ਠੰਢਲ, ਵਰਿੰਦਰ ਸਿੰਘ ਬਾਜਵਾ, ਲਾਲੀ ਬਾਜਵਾ, ਲੱਖੀ ਉੜਮੁੜ ਟਾਂਡਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਅਰਵਿੰਦਰ ਸਿੰਘ ਰਸੂਲਪੁਰ, ਅਮਰੀਕ ਸਿੰਘ ਬੱਲੋਵਾਲ ਤੇ ਕੇ ਐਸ ਮੱਖਣ ਵੀ ਹਾਜ਼ਰ ਸਨ।

# ਬੀਬੀ ਹਰਭਜਨ ਕੌਰ ਦੀ ਦਿਸ਼ਾ ਇੰਡੀਅਨ ਐਵਾਰਡ ਨਾਲ ਸਨਮਾਨਿਤ

## ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਯੋਗਦਾਨ ਸਦਕਾ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਮਿਲਿਆ ਇਹ ਸਨਮਾਨ




ਮੋਹਾਲੀ, 3 ਅਪ੍ਰੈਲ (ਹਰਦੀਪ ਕੌਰ) : ਹਰਿਆਣਾ ਦੇ ਮਾਣਯੋਗ ਮੁੱਖ ਮੰਤਰੀ ਵੱਲੋਂ ਬੀਬੀ ਹਰਭਜਨ ਕੌਰ ਨੂੰ ਛੇਵੇਂ ਦਿਸ਼ਾ ਇੰਡੀਅਨ ਐਵਾਰਡ - ਪ੍ਰਾਈਡ ਆਫ ਨੇਸ਼ਨ ਨਾਲ ਸਨਮਾਨਿਤ ਕੀਤਾ ਗਿਆ। ਇਹ ਸਮਾਗਮ ਦਿਸ਼ਾ ਵਮਨ ਵੈਲਫੇਅਰ ਟਰਸਟ ਵੱਲੋਂ ਪ੍ਰਧਾਨ ਹਰਦੀਪ ਕੌਰ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਮੁਨਕ ਕਲਾਂ ਵਿੱਚ ਜਨਮੀ ਹਰਭਜਨ ਕੌਰ ਬਚਪਨ ਤੋਂ ਹੀ ਸੇਵਾ ਅਤੇ ਮਨੁੱਖਤਾ ਦੇ ਰਾਹ 'ਤੇ ਚੱਲਦੀਆਂ ਆ ਰਹੀਆਂ ਹਨ ਅਤੇ ਗੁਰਬਾਣੀ ਦੇ ਸਿਧਾਂਤਾਂ ਨੂੰ ਜੀਵਨ ਵਿੱਚ ਅਪਨਾਉਂਦਿਆਂ ਉਨ੍ਹਾਂ ਨੇ ਆਪਣੀ ਪੂਰੀ ਜ਼ਿੰਦਗੀ ਲੋੜਵੰਦਾਂ ਦੀ ਭਲਾਈ ਲਈ ਸਮਰਪਿਤ ਕਰ ਦਿੱਤੀ। ਅਰਥਸ਼ਾਸਤਰ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਪੰਜਾਬ ਮਾਰਕਫੈੱਡ ਵਿੱਚ ਸੇਵਾ ਨਿਭਾਉਂਦਿਆਂ ਵੀ ਉਨ੍ਹਾਂ ਦਾ ਧਿਆਨ ਹਮੇਸ਼ਾਂ ਸਮਾਜ ਸੇਵਾ ਵੱਲ ਹੀ ਕੇਂਦ੍ਰਿਤ ਰਿਹਾ ਅਤੇ ਰੈੱਡ ਕ੍ਰਾਸ ਨਾਲ ਜੁੜਕੇ ਉਨ੍ਹਾਂ ਨੇ ਆਪਣੀ ਸੇਵਾ ਨੂੰ ਹੋਰ ਵਿਸਥਾਰ ਦਿੱਤਾ।

ਚੰਡੀਗੜ੍ਹ ਦੇ ਪੀਜੀਆਈ ਵਿੱਚ ਗਰੀਬ ਅਤੇ ਬੇਸਹਾਰਾ ਮਰੀਜ਼ਾਂ ਦੀ ਮੱਦਦ ਲਈ ਉਨ੍ਹਾਂ ਵੱਲੋਂ ਦਿੱਤਾ ਗਿਆ ਯੋਗਦਾਨ ਖਾਸ ਤੌਰ 'ਤੇ ਉਲਲੇਖਣਯੋਗ ਹੈ, ਜਿੱਥੇ ਉਨ੍ਹਾਂ ਨੇ ਦਵਾਈਆਂ, ਵ੍ਹੀਲਚੇਅਰ ਅਤੇ ਡਿਫ਼ਿਬ੍ਰਿਲੇਟਰ ਵਰਗਾ ਅਹਿਮ ਮੈਡੀਕਲ ਸਾਮਾਨ ਮੁਹੱਈਆ ਕਰਵਾਇਆ। ਇਸ ਤੋਂ ਇਲਾਵਾ ਵਿਧਵਾਵਾਂ ਲਈ ਮਾਸਿਕ ਪੈਨਸ਼ਨ, ਲੋੜਵੰਦ ਲੜਕੀਆਂ ਲਈ ਸਿੱਖਿਆ ਦੀ ਸਹਾਇਤਾ ਅਤੇ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਲਈ ਸਿਲਾਈ ਕੇਂਦਰ ਸਥਾਪਿਤ ਕਰਨਾ ਵੀ ਉਨ੍ਹਾਂ ਦੀ ਸੇਵਾ ਦਾ ਹਿੱਸਾ ਹੈ। ਕੋਵਿਡ-19 ਦੌਰਾਨ ਵੀ ਉਨ੍ਹਾਂ ਨੇ ਲੋੜਵੰਦ ਪਰਿਵਾਰਾਂ ਤੱਕ ਰਾਸ਼ਨ, ਦਵਾਈਆਂ ਅਤੇ ਆਰਥਿਕ ਮੱਦਦ ਪਹੁੰਚਾਈ। ਉਨ੍ਹਾਂ ਦੀ ਨਿਸ਼ਕਾਮ ਸੇਵਾ ਨੂੰ ਸਮਾਜ ਅਤੇ ਮੀਡੀਆ ਵੱਲੋਂ ਵੀ ਵੱਡੀ ਸਰਾਹਨਾ ਮਿਲੀ ਹੈ ਅਤੇ ਇਹ ਸਨਮਾਨ ਉਨ੍ਹਾਂ ਦੇ ਇਸ ਲੰਬੇ ਸੇਵਾਮਈ ਸਫਰ ਦੀ ਮਾਨਤਾ ਹੈ।

# ਗੈਂਗਸਟਰਾਂ 'ਤੇ ਵਾਰ ਦਾ 73ਵਾਂ ਦਿਨ : 483 ਥਾਈਂ ਛਾਪੇਮਾਰੀ ; 198 ਗ੍ਰਿਫ਼ਤਾਰ

ਚੰਡੀਗੜ੍ਹ, 3 ਅਪ੍ਰੈਲ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਦੇ 73ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 483 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

ਜ਼ਿਕਰਯੋਗ ਹੈ ਕਿ 'ਗੈਂਗਸਟਰਾਂ 'ਤੇ ਵਾਰ' - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ- ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਵੱਲੋਂ ਗੈਂਗਸਟਰ ਵਿਰੋਧੀ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ।

73ਵੇਂ ਦਿਨ ਪੁਲਿਸ ਟੀਮਾਂ ਨੇ 13 ਹਥਿਆਰ ਬਰਾਮਦ ਕਰਨ ਉਪਰੰਤ 198 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 18,629 ਹੋ ਗਈ ਹੈ।

ਇਸ ਤੋਂ ਇਲਾਵਾ 72 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ, ਜਦੋਂ ਕਿ 106 ਵਿਅਕਤੀਆਂ ਨੂੰ ਤਫ਼ਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਪੰਜ ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਲੋਕ ਐਂਟੀ -ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ/ਜਾਣਕਾਰੀ ਵੀ ਸਾਂਝੀ ਕਰ ਸਕਦੇ ਹਨ।

ਇਸ ਦੌਰਾਨ ਪੁਲਿਸ ਟੀਮਾਂ ਨੇ 398ਵੇਂ ਦਿਨ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆ ਵਿਰੁੱਧ' ਜਾਰੀ ਰੱਖਦਿਆਂ 98 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 6.3 ਕਿਲੋ ਹੈਰੋਇਨ, 700 ਗ੍ਰਾਮ ਅਫੀਮ, 3.5 ਕਿਲੋ ਭੁੱਕੀ, 421 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 8400 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਨਾਲ, ਸਿਰਫ਼ 398 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 56,806 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 35 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬੇ ਦਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

# ਈਰਾਨ-ਇਜ਼ਰਾਈਲ ਜੰਗ ਵਿਚਾਲੇ ਵੱਡਾ ਫ਼ੈਸਲਾ

## ਦੁਬਈ ਦੇ ਗੁਰਦੁਆਰਾ ਸਾਹਿਬ ਅਤੇ ਮੰਦਰ ਅਸਥਾਈ ਤੌਰ 'ਤੇ ਬੰਦ

ਦੁਬਈ, 3 ਅਪ੍ਰੈਲ, (ਚ.ਨ.ਸ.) : ਈਰਾਨ-ਇਜ਼ਰਾਈਲ ਜੰਗ ਵਿਚਾਲੇ ਦੁਬਈ ਸਰਕਾਰ ਨੇ 3 ਅਪ੍ਰੈਲ ਨੂੰ ਇੱਕ ਗੁਰਦੁਆਰੇ ਨੂੰ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ। ਗੁਰਦੁਆਰੇ ਦੇ ਚੇਅਰਮੈਨ ਸੁਰਿੰਦਰ ਸਿੰਘ ਕੰਧਾਰੀ ਨੇ ਇਸ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ ਕਿ ਇਹ ਬੰਦ ਕਿਸੇ ਧਾਰਮਿਕ ਵਿਤਕਰੇ ਕਾਰਨ ਨਹੀਂ, ਸਗੋਂ ਜਨਤਕ ਸੁਰੱਖਿਆ ਲਈ ਕੀਤਾ ਗਿਆ ਸੀ। ਖਾੜੀ ਖੇਤਰ ਵਿੱਚ ਵਧਦੇ ਫੌਜੀ ਤਣਾਅ ਅਤੇ ਸੁਰੱਖਿਆ ਜੋਖਮਾਂ ਦੇ ਵਿਚਕਾਰ, ਦੁਬਈ ਸਰਕਾਰ ਨੇ ਅਗਲੇ ਨੋਟਿਸ ਤੱਕ ਜੇਬਲ ਅਲੀ ਵਿੱਚ ਗੁਰਦੁਆਰਾ ਗੁਰੂ ਨਾਨਕ ਦਰਬਾਰ ਨੂੰ ਬੰਦ ਕਰਨ ਲਈ ਇੱਕ ਪੱਤਰ ਜਾਰੀ ਕੀਤਾ ਹੈ। ਕਮਿਊਨਿਟੀ ਡਿਵੈਲਪਮੈਂਟ ਅਥਾਰਟੀ ਨੇ ਈਰਾਨ ਅਤੇ ਅਮਰੀਕਾ-ਇਜ਼ਰਾਈਲ ਟਕਰਾਅ ਵਿਚਾਲੇ ਚੱਲ ਰਹੀ ਜੰਗ ਤੋਂ ਪੈਦਾ ਹੋਣ ਵਾਲੀਆਂ ਸੁਰੱਖਿਆ ਚਿੰਤਾਵਾਂ ਦੇ ਕਾਰਨ ਇਹ ਫੈਸਲਾ ਲਿਆ ਹੈ।



ਗੁਰਦੁਆਰਾ ਮੈਨੇਜਮੈਂਟ ਨੇ ਇੱਕ ਅਧਿਕਾਰਤ ਨੋਟਿਸ ਜਾਰੀ ਕਰਕੇ ਸ਼ਰਧਾਲੂਆਂ ਨੂੰ ਸੇਵਾਵਾਂ ਨੂੰ ਤੁਰੰਤ ਮੁਅੱਤਲ ਕਰਨ ਦੀ ਜਾਣਕਾਰੀ ਦਿੱਤੀ। ਪ੍ਰਸ਼ਾਸਨ ਨੇ ਕਿਹਾ ਕਿ ਜੇਬਲ ਅਲੀ ਬੰਦਰਗਾਹ ਵਰਗੇ ਸੰਵੇਦਨਸ਼ੀਲ ਰਣਨੀਤਕ ਸਥਾਨ ਦੇ ਨੇੜੇ ਇਸ ਦੀ ਸਥਿਤੀ ਕਾਰਨ ਮਿਜ਼ਾਈਲ ਰੁਕਾਵਟ ਮਲਬੇ ਤੋਂ ਜਾਨ-ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਇਸ ਸਮੇਂ ਸਭ ਤੋਂ ਵੱਡੀ ਤਰਜੀਹ ਹੈ। ਫਰਵਰੀ, 2026 ਤੋਂ ਚੱਲ ਰਹੇ ਈਰਾਨ-ਮੱਧ ਪੂਰਬ ਤਣਾਅ ਨੇ "15 ਦੀਆਂ ਸੁਰੱਖਿਆ ਚਿੰਤਾਵਾਂ ਨੂੰ ਵਧਾ ਦਿੱਤਾ ਹੈ ਹਾਲਾਂਕਿ ਈਰਾਨ ਵੱਲੋਂ ਦਾਗੇ ਗਏ ਡਰੋਨ ਅਤੇ ਮਿਜ਼ਾਈਲਾਂ ਨੂੰ ਹਵਾਈ ਰੱਖਿਆ ਵੱਲੋਂ ਹਵਾ ਵਿੱਚ ਹੀ ਤਬਾਹ ਕਰ ਦਿੱਤਾ ਗਿਆ ਸੀ, ਪਰ ਮਲਬਾ ਰਿਹਾਇਸ਼ੀ ਇਲਾਕਿਆਂ 'ਤੇ ਡਿੱਗ ਪਿਆ। ਜੇਬੇਲ ਅਲੀ ਪੋਰਟ ਦੇ ਕੋਲ ਸਥਿਤ ਹੋਣ ਕਾਰਨ ਗੁਰੂਘਰ 'ਤੇ ਸਿੱਧਾ ਖਤਰਾ ਬਣਿਆ ਹੋਇਆ ਹੈ। ਇਸ ਦੇ ਕਾਰਨ ਇਸ ਇਲਾਕੇ ਵਿਚ ਦੁਬਈ ਪੁਲਿਸ ਨੇ ਰੈੱਡ ਅਲਰਟ ਜਾਰੀ ਕੀਤਾ ਹੋਇਆ ਸੀ। ਇਹ ਕਾਰਵਾਈ ਕਿਸੇ ਵਿਸ਼ੇਸ਼ ਧਰਮ ਨੂੰ ਨਿਸ਼ਾਨਾ ਬਣਾਕੇ ਨਹੀਂ ਕੀਤੀ ਗਈ ਹੈ। ਈਸਟਰ ਵੀਕੈਂਡ 'ਤੇ ਜੁਟਣ ਵਾਲੀ ਭਾਰੀ ਭੀੜ ਨੂੰ ਵੇਖਦੇ ਹੋਏ ਪ੍ਰਸ਼ਾਸਨ ਨੇ ਇਸੇ ਕੰਪਲੈਕਸ ਦੇ ਹੋਰ ਚਰਚਾਂ ਤੇ ਹੋਰ ਮਸ਼ਹੂਰ ਬੀ.ਏ.ਪੀ.ਐੱਸ. ਹਿੰਦੂ ਮੰਦਰ ਨੂੰ ਵੀ ਸਾਵਧਾਨੀ ਪੱਖੋਂ ਬੰਦ ਕਰ ਦਿੱਤਾ ਹੈ। ਪ੍ਰਸ਼ਾਸਨ ਦਾ ਉਦੇਸ਼ ਇਸ ਸੰਵੇਦਨਸ਼ੀਲ ਸਮੇਂ 'ਚ ਜਨਤਕ ਥਾਵਾਂ 'ਤੇ ਜਾਨ-ਮਾਨ ਦਾ ਨੁਕਸਾਨ ਨਾ ਹੋਵੇ।

# ਮੰਤਰੀ ਮੁੰਡੀਆਂ ਨੇ ਸਰਕਾਰ ਦੀਆਂ ਚਾਰ ਸਾਲਾਂ ਦੀਆਂ ਉਪਲੱਬਧੀਆਂ ਗਿਣਵਾਈਆਂ



ਲੁਧਿਆਣਾ, 3 ਅਪ੍ਰੈਲ (ਵਿਸ਼ਾਲ ਸ਼ਰਮਾ): ਕੈਬਨਿਟ ਮੰਤਰੀ ਮੁੰਡੀਆਂ ਨੇ ਸ਼ੁੱਕਰਵਾਰ ਨੂੰ ਪਿੰਡ ਚੌਂਤਾ, ਢੋਲਣਵਾਲ, ਮੰਡ ਚੌਂਤਾ ਅਤੇ ਸਲੇਮਪੁਰ ਵਿੱਚ ਆਯੋਜਿਤ 'ਸੰਵਾਦ' ਮੀਟਿੰਗਾਂ ਦੌਰਾਨ ਵਿਸ਼ਾਲ ਜਨਤਕ ਇਕੱਠਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਪੰਜਾਬ ਸਰਕਾਰ ਦੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਇਤਿਹਾਸਕ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਮਾਨਦਾਰ, ਪਾਰਦਰਸ਼ੀ ਅਤੇ ਲੋਕ-ਕੇਂਦ੍ਰਿਤ ਸ਼ਾਸਨ 'ਤੇ ਆਪਣਾ ਧਿਆਨ ਕੇਂਦਰਿਤ ਕਰਨ 'ਤੇ ਜ਼ੋਰ ਦਿੱਤਾ। ਮੁੰਡੀਆਂ ਨੇ ਕਿਹਾ ਕਿ ਸਰਕਾਰ ਨੇ ਸਿਰਫ਼ ਚਾਰ ਸਾਲਾਂ ਦੇ ਅੰਦਰ ਆਪਣੀਆਂ ਸਾਰੀਆਂ ਚੋਣਾਂ ਤੋਂ ਪਹਿਲਾਂ ਦੀਆਂ ਗਰੰਟੀਆਂ ਨੂੰ ਸਫਲਤਾ ਪੂਰਵਕ ਪੂਰਾ ਕਰ ਲਿਆ ਹੈ। ਉਨ੍ਹਾਂ ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇਸ ਸਕੀਮ ਲਈ ਰਜਿਸਟ੍ਰੇਸ਼ਨ 13 ਅਪ੍ਰੈਲ ਨੂੰ ਵਿਸਾਖੀ ਦੇ ਸ਼ੁਭ ਮੌਕੇ 'ਤੇ ਸ਼ੁਰੂ ਹੋਵੇਗੀ। ਇਸ ਸਕੀਮ ਦੇ ਤਹਿਤ 18 ਸਾਲ ਅਤੇ ਇਸ ਤੋਂ ਵੱਧ ਉਮਰ ਦੀਆਂ ਯੋਗ ਔਰਤਾਂ ਨੂੰ 1,000 ਰੁਪਏ ਦੀ ਮਾਸਿਕ ਵਿੱਤੀ ਸਹਾਇਤਾ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਮਿਲੇਗੀ। ਅਨੁਸੂਚਿਤ ਜਾਤੀ ਸ਼੍ਰੇਣੀ ਨਾਲ ਸਬੰਧਤ ਔਰਤਾਂ ਨੂੰ ਪ੍ਰਤੀ ਮਹੀਨਾ 1,500 ਰੁਪਏ ਦੀ ਵਧੀ ਹੋਈ ਰਕਮ ਮਿਲੇਗੀ। ਮੁੰਡੀਆਂ ਨੇ ਭਗਵੰਤ ਮਾਨ ਸਰਕਾਰ ਦੀਆਂ ਕਈ ਪ੍ਰਮੁੱਖ ਪ੍ਰਾਪਤੀਆਂ ਦਾ ਵੇਰਵਾ ਦਿੱਤਾ ਜਿਨ੍ਹਾਂ ਨੇ ਪੰਜਾਬ ਨੂੰ ਤਰੱਕੀ ਅਤੇ ਸਮਾਵੇਸ਼ੀ ਵਿਕਾਸ ਦੇ ਪੱਕੇ ਰਾਹ 'ਤੇ ਪਾਇਆ ਹੈ। ਉਨ੍ਹਾਂ ਨੇ ਕਰੀਬ 90 ਪ੍ਰਤੀਸ਼ਤ ਘਰੇਲੂ ਘਰਾਂ ਨੂੰ 300 ਯੂਨਿਟ ਮੁਫ਼ਤ ਬਿਜਲੀ ਦੀ ਵਿਵਸਥਾ 'ਤੇ ਚਾਨਣਾ ਪਾਇਆ, ਜਿਸ ਦੇ ਨਤੀਜੇ ਵਜੋਂ ਜ਼ਿਆਦਾਤਰ ਪਰਿਵਾਰਾਂ ਲਈ ਬਿਜਲੀ ਦੇ ਬਿੱਲ ਜ਼ੀਰੋ ਹੋ ਗਏ। ਕਿਸਾਨਾਂ ਨੂੰ ਹੁਣ ਦਿਨ ਵੇਲੇ ਬਿਜਲੀ ਸਪਲਾਈ ਮਿਲ ਰਹੀ ਹੈ, ਜਿਸ ਨਾਲ ਖੇਤੀਬਾੜੀ ਉਤਪਾਦਕਤਾ ਵਿੱਚ ਕਾਫ਼ੀ ਵਾਧਾ ਹੋਇਆ ਹੈ, ਜਦੋਂ ਕਿ ਨਹਿਰੀ ਸਿੰਚਾਈ ਕਵਰੇਜ ਨੂੰ 78 ਪ੍ਰਤੀਸ਼ਤ ਖੇਤਾਂ ਤੱਕ ਵਧਾਇਆ ਗਿਆ ਹੈ। ਸਿਹਤ ਖੇਤਰ ਵਿੱਚ ਸਰਕਾਰ ਨੇ ਮਿਆਰੀ ਪ੍ਰਾਇਮਰੀ ਸਿਹਤ ਸੰਭਾਲ ਪ੍ਰਦਾਨ ਕਰਨ ਲਈ ਰਾਜ ਭਰ ਵਿੱਚ ਆਮ ਆਦਮੀ ਕਲੀਨਿਕ ਸਥਾਪਤ ਕੀਤੇ ਹਨ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਪੇਸ਼ ਕੀਤੀ ਹੈ ਜੋ ਪ੍ਰਤੀ ਪਰਿਵਾਰ 10 ਲੱਖ ਰੁਪਏ ਤੱਕ ਨਕਦ ਰਹਿਤ ਡਾਕਟਰੀ ਇਲਾਜ ਪ੍ਰਦਾਨ ਕਰਦੀ ਹੈ। ਰਾਜ ਦੇ ਸਿੱਖਿਆ ਖੇਤਰ ਵਿੱਚ ਸਿੱਖਿਆ ਬਜਟ ਵਿੱਚ ਕਈ ਗੁਣਾ ਵਾਧਾ ਹੋਣ ਨਾਲ ਇੱਕ ਵੱਡਾ ਬਦਲਾਅ ਆਇਆ ਹੈ। ਪੰਜਾਬ ਨੇ ਰਾਸ਼ਟਰੀ ਪ੍ਰਾਪਤੀ ਸਰਵੇਖਣ 2024 ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਿਸ ਵਿੱਚ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਔਸਤ ਨਾਲੋਂ 18 ਪ੍ਰਤੀਸ਼ਤ ਵੱਧ ਅੰਕ ਪ੍ਰਾਪਤ ਕੀਤੇ। ਰੁਜ਼ਗਾਰ ਮਹੁੱਈਆ ਕਰਵਾਉਣ 'ਤੇ ਸਰਕਾਰ ਨੇ ਪਾਰਦਰਸ਼ੀ ਢੰਗ ਨਾਲ 65,000 ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਜ਼ੋਰਦਾਰ ਢੰਗ ਨਾਲ ਲਾਗੂ ਕੀਤਾ ਹੈ ਅਤੇ ਸੜਕ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਸੜਕ ਸੁਰੱਖਿਆ ਫੋਰਸ ਦਾ ਗਠਨ ਕੀਤਾ ਹੈ। ਮੰਤਰੀ ਮੁੰਡੀਆਂ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਦਰਸ਼ੀ ਅਤੇ ਯੋਗ ਅਗਵਾਈ ਹੇਠ ਇਨ੍ਹਾਂ ਚਾਰ ਸਾਲਾਂ ਵਿੱਚ ਕਰੀਬ 70 ਸਾਲਾਂ ਤੋਂ ਪੈਂਡਿੰਗ ਪਏ ਕੰਮ ਪੂਰੇ ਕੀਤੇ ਗਏ ਹਨ। ਉਨ੍ਹਾਂ ਪਿੰਡਾਂ ਦੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਦੇ ਸਮਾਵੇਸ਼ੀ ਵਿਕਾਸ, ਪਾਰਦਰਸ਼ਤਾ ਅਤੇ ਸਾਰਿਆਂ ਲਈ ਭਲਾਈ ਦੇ ਮਿਸ਼ਨ ਦਾ ਸਮੱਰਥਨ ਕਰਦੇ ਰਹਿਣ।

# ਵਿਧਾਇਕ ਸਿੱਧੂ ਨੇ ਲੋਕਾਂ ਦੀ ਹਾਜ਼ਰੀ 'ਚ ਨਿਰਮਾਣ ਅਧੀਨ ਸੜਕ ਦੀ ਕਰਵਾਈ ਜਾਂਚ



ਲੁਧਿਆਣਾ, 3 ਅਪ੍ਰੈਲ (ਵਿਸ਼ਾਲ ਸ਼ਰਮਾ): ਵਿਧਾਨ ਸਭਾ ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਅੱਜ ਵਾਰਡ ਨੰਬਰ 42 ਵਿਖੇ ਬਣ ਰਹੀ ਆਰ ਐਮ ਸੀ ਸੜਕ ਦਾ ਚਲਦਾ ਕੰਮ ਰੋਕ ਕੇ ਮੀਡੀਆ ਦੀ ਹਾਜ਼ਰੀ ਵਿੱਚ ਲੋਕਾਂ ਨੂੰ ਸੜਕ ਦੀ ਮੋਟਾਈ ਅਤੇ ਕੁਆਲਿਟੀ ਦਾ ਨਿਰੀਖਣ ਕਰਵਾਇਆ ਗਿਆ। ਕਾਬਿਲੇਗੌਰ ਹੈ ਕਿ ਪਿਛਲੇ ਦਿਨੀਂ ਕੁਝ ਲੋਕਾਂ ਵੱਲੋਂ ਸੜਕ ਦੀ ਕੁਆਲਿਟੀ ਬਾਰੇ ਸਵਾਲ ਚੁੱਕਦਿਆਂ ਇਲਾਕੇ ਦੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਸਬੰਧੀ ਬੋਲਦੇ ਹੋਏ ਵਿਧਾਇਕ ਸਿੱਧੂ ਨੇ ਕਿਹਾ ਕਿ ਉਹ ਮੀਡੀਆ ਅਤੇ ਸਥਾਨਕ ਲੋਕਾਂ ਦੀ ਹਾਜ਼ਰੀ ਵਿੱਚ ਉਨ੍ਹਾਂ ਸਾਰੇ ਵਿਰੋਧੀਆਂ ਨੂੰ ਖੁੱਲ੍ਹਾ ਅਖਤਿਆਰ ਦਿੰਦੇ ਹਨ ਕਿ ਉਹ ਕਿਸੇ ਵੀ ਜਗ੍ਹਾ ਤੋਂ ਸੜਕ ਨੂੰ ਚੈੱਕ ਕਰਵਾ ਸਕਦੇ ਹਨ, ਜੇਕਰ ਕਿਸੇ ਵੀ ਕਿਸਮ ਦੀ ਕੋਈ ਘਾਟ ਪਾਈ ਗਈ ਤਾਂ ਉਹ ਮੌਕੇ 'ਤੇ ਹੀ ਠੇਕੇਦਾਰ ਤੋਂ ਕੰਮ ਵਾਪਸ ਲੈਣਗੇ ਅਤੇ ਸਬੰਧਤ ਅਧਿਕਾਰੀਆਂ ਨੂੰ ਸਸਪੈਂਡ ਕਰਨ ਦੇ ਨਾਲ ਇਲਾਕਾ ਕੌਂਸਲਰ ਨੂੰ ਵੀ ਨੋਟਿਸ ਜਾਰੀ ਕਰਵਾਉਣਗੇ। ਵਿਧਾਇਕ ਸਿੱਧੂ ਨੇ ਕਿਹਾ ਕਿ ਵਿਰੋਧੀ ਲੋਕਾਂ ਨੂੰ ਗੁੰਮਰਾਹ ਕਰਨਾ ਬੰਦ ਕਰਨ ਅਤੇ ਸਾਹਮਣੇ ਆ ਕੇ ਉਹਨਾਂ ਦੀ ਮੌਜੂਦਗੀ ਵਿੱਚ ਉਹਨਾਂ ਦਾ ਚੈਲੰਜ ਕਬੂਲ ਕਰਨ। ਵਿਧਾਇਕ ਸਿੱਧੂ ਨੇ ਕਿਹਾ ਕਿ ਮੌਕਾਪ੍ਰਸਤ ਲੋਕ ਭੋਲੇ ਭਾਲੇ ਇਲਾਕਾ ਨਿਵਾਸੀਆਂ ਨੂੰ ਗੁੰਮਰਾਹ ਕਰਨ ਦੀ ਨੀਅਤ ਨਾਲ ਰਾਤ ਦੇ ਹਨੇਰੇ ਵਿੱਚ ਪੁੱਠੀਆਂ ਸਿੱਧੀਆਂ ਹਰਕਤਾਂ ਕਰਦੇ ਹਨ, ਪਰ ਦਿਨ ਦੇ ਉਜਾਲੇ ਵਿੱਚ ਸੱਚ ਦੇ ਸੂਰਜ ਦਾ ਸਾਹਮਣਾ ਨਹੀਂ ਕਰ ਸਕਦੇ। ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸਿੱਧੂ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਪ੍ਰੋਜੈਕਟਾਂ ਨੂੰ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਵਚਨਬੱਧ ਹੈ।

ਇਸ ਮੌਕੇ ਉਹਨਾਂ ਨਾਲ ਇਲਾਕਾ ਕੌਂਸਲਰ ਜਗਮੀਤ ਸਿੰਘ ਨੋਨੀ, ਡਾਕਟਰ ਰਮਨ ਅਰੋੜਾ, ਅਮਰ ਸਿੰਘ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਪ੍ਰਦੀਪ ਕੁਮਾਰ, ਗੁਰਪ੍ਰੀਤ ਸਿੰਘ ਰਾਜਾ ਸੋਸ਼ਲ ਮੀਡੀਆ ਪ੍ਰਧਾਨ, ਲਾਲੀ ਸ਼ਰਮਾ, ਮਹਿੰਦਰ ਪਾਲ ਸਿੰਘ, ਵਿਧਾਇਕ ਸਿੱਧੂ ਦੇ ਮੀਡੀਆ ਇੰਚਾਰਜ ਸੁਖਵਿੰਦਰ ਸਿੰਘ ਗਿੱਲ ਅਤੇ ਪੀ ਏ ਕਮਲਦੀਪ ਕਪੂਰ ਵੀ ਹਾਜ਼ਰ ਸਨ।

# ਕਵਿੱਤਰੀ ਕੁਲਦੀਪ ਕੌਰ ਦੀਪ ਲੁਧਿਆਣਵੀ ਵੱਲੋਂ ਆਪਣੀ ਪੁਸਤਕ ਤੇ ਕਵਿਤਾ ਮੁੱਖ ਮੰਤਰੀ ਨੂੰ ਭੇਟ



ਲੁਧਿਆਣਾ, 3 ਅਪ੍ਰੈਲ (ਜਤਿੰਦਰਪਾਲ ਸਿੰਘ ਛਾਬੜਾ): ਪ੍ਰਸਿੱਧ ਕਵਿੱਤਰੀ ਕੁਲਦੀਪ ਕੌਰ ਦੀਪ ਲੁਧਿਆਣਵੀ ਵਲੋਂ ਆਪਣੀ ਪੁਸਤਕ ਤੇ ਕਵਿਤਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਭੇਟ ਕੀਤੀ ।ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੂੰ ਪ੍ਰਸਿੱਧ ਪੰਜਾਬੀ ਕਵਿਤਰੀ ਕੁਲਦੀਪ ਕੌਰ ਦੀਪ ਲੁਧਿਆਣਵੀ ਨੇ ਆਪਣੇ ਵੱਲੋਂ ਉਨ੍ਹਾਂ ਦੀ ਸ਼ਖਸ਼ੀਅਤ ਬਾਰੇ ਲਿਖੀ ਇੱਕ ਭਾਵਪੂਰਤ ਕਵਿਤਾ ਉਨ੍ਹਾਂ ਦੇ ਗ੍ਰਹਿ ਸਤੌਜ ਵਿਖੇ ਸਨਮਾਨ ਸਹਿਤ ਭੇਟ ਕੀਤੀ ।

ਇਸ ਮੌਕੇ ਕਵਿਤਰੀ ਕੁਲਦੀਪ ਕੌਰ ਦੀਪ ਲੁਧਿਆਣਵੀ ਨੇ ਆਪਣੇ ਰਚਨਾਤਮਕ ਅੰਦਾਜ਼ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਲੋਕ-ਸੇਵਾ, ਨਿਮਰਤਾ ਅਤੇ ਲੋਕ-ਹਿਤਕਾਰੀ ਸੋਚ ਨੂੰ ਕਵਿਤਾ ਦੇ ਰੂਪ ਵਿੱਚ ਪ੍ਰਗਟਾਇਆ। ਕਵਿਤਾ ਵਿੱਚ ਪੰਜਾਬ ਦੀ ਤਰੱਕੀ, ਨੌਜਵਾਨਾਂ ਦੀ ਉਮੀਦ ਅਤੇ ਸਾਫ-ਸੁਥਰੀ ਰਾਜਨੀਤੀ ਦੀ ਝਲਕ ਸਪੱਸ਼ਟ ਤੌਰ 'ਤੇ ਨਜ਼ਰ ਆਈ। ਇਸ ਦੇ ਨਾਲ ਹੀ ਉਸ ਨੇ ਆਪਣੀਆਂ ਕਵਿਤਾਵਾਂ ਦੀ ਪੁਸਤਕ 'ਵਿਰਸੇ ਦੀ ਖੁਸ਼ਬੋ' ਵੀ ਮੁੱਖ ਮੰਤਰੀ ਨੂੰ ਭੇਟ ਕੀਤੀ।

ਇਸ ਮੌਕੇ ਦੌਰਾਨ ਸ੍ਰਦਾਰ ਭਗਵੰਤ ਸਿੰਘ ਮਾਨ ਜੀ ਨੇ ਕਵਿਤਰੀ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਹਿਤ ਸਮਾਜ ਦਾ ਦਰਪਣ ਹੁੰਦਾ ਹੈ ਅਤੇ ਐਸੀਆਂ ਰਚਨਾਵਾਂ ਲੋਕਾਂ ਨੂੰ ਪ੍ਰੇਰਿਤ ਕਰਨ ਦੇ ਨਾਲ-ਨਾਲ ਸਹੀ ਦਿਸ਼ਾ ਵੀ ਦਿਖਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸਾਹਿਤ ਅਤੇ ਕਲਾ ਦੀ ਪ੍ਰਗਤੀ ਲਈ ਸਰਕਾਰ ਵੱਲੋਂ ਹਰ ਸੰਭਵ ਯਤਨ ਕੀਤੇ ਜਾਣਗੇ।

ਇਸ ਮੌਕੇ ਹੋਰ ਕਈ ਪ੍ਰਮੁੱਖ ਹਸਤੀਆਂ ਵਿੱਚ ਸਤਿਕਾਰ ਯੋਗ ਰਣਜੀਤ ਸਿੰਘ ਜੋਡੀਅਰ, ਦੀਪ ਲੁਧਿਆਣਵੀ ਦੀ ਬੇਟੀ ਪ੍ਰਭਨੂਰ ਕੌਰ ਅਤੇ ਇਲਾਕਾ ਵਾਸੀ ਵੀ ਹਾਜ਼ਰ ਸਨ, ਜਿਨ੍ਹਾਂ ਨੇ ਇਸ ਸਾਹਿਤਕ ਪੇਸ਼ਕਸ਼ ਦੀ ਬੜੀ ਸਰਾਹਨਾ ਕੀਤੀ। ਇਸ ਮੌਕੇ ਤੇ ਯਾਦਗਾਰੀ ਤਸਵੀਰਾਂ ਵੀ ਖਿਚੀਆਂ ਗਈਆਂ।

ਕੁਲਦੀਪ ਕੌਰ ਦੀਪ ਲੁਧਿਆਣਵੀ ਨੇ ਭਾਵੁਕ ਹੁੰਦਿਆਂ ਹੋਇਆ ਦੱਸਿਆ ਕਿ ਇਹ ਉਸ ਦੀ ਜ਼ਿੰਦਗੀ ਦੇ ਯਾਦਗਾਰੀ ਪਲ ਹੋ ਨਿਬੜੇ।

# ਪੰਜਾਬ ਸਰਕਾਰ ਦੇ 4 ਸਾਲ ਪੂਰੇ ਹੋਣ ਆਰੰਭੀ ਲੋਕ ਸੰਪਰਕ ਮੁਹਿੰਮ 'ਸੰਵਾਦ' 'ਚ ਹੋਇਆ ਭਾਰੀ ਇਕੱਠ : ਸਿੱਧੂ, ਗੋਗਾ



ਲੁਧਿਆਣਾ, 3 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਪੰਜਾਬ ਸਰਕਾਰ ਦੇ ਪਿਛਲੇ ਚਾਰ ਸਾਲ ਪੂਰੇ ਹੋਣ 'ਤੇ ਹਲਕਾ ਆਤਮ ਨਗਰ ਵਿੱਚ ਲੋਕ ਸੰਪਰਕ ਮੁਹਿੰਮ ਸੰਵਾਦ ਰਾਹੀਂ ਹਲਕਾ ਆਤਮ ਨਗਰ ਦੇ ਵਾਰਡ ਨੰ 44 ਲੋਕਾਂ ਨਾਲ ਗੱਲਬਾਤ ਕੀਤੀ।ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਵਾਰਡ ਨੰ 44 ਵਿੱਚ ਇਸ ਮੁਹਿੰਮ ਤਹਿਤ ਗੱਲਬਾਤ ਕੀਤੀ। ਵਾਰਡ ਨੰ 44 ਦੇ ਕੌਂਸਲਰ ਸੋਹਣ ਸਿੰਘ ਗੋਗਾ ਨੇ ਦੱਸਿਆ ਕਿ ਸਰਕਾਰ ਨੇ ਸ਼ਹਿਰ ਵਿੱਚ ਵੱਡੇ ਪ੍ਰਜੈਕਟ ਸ਼ੁਰੂ ਕੀਤੇ ਹਨ। ਔਰਤਾਂ ਨੂੰ 1000 ਰੁਪਏ ਦੇਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਲਾਕੇ ਵਿੱਚ ਟਿਊਬਵੈੱਲ ਤੇ 2 ਆਮ ਆਦਮੀ ਕਲੀਨਿਕ ਤਿਆਰ ਹਨ । ਹੁਣ ਪੰਜਾਬ ਦੇ ਲੋਕ ਦੁਬਾਰਾ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਕਾਹਲੇ ਹਨ। ਇਸ ਮੌਕੇ 'ਤੇ ਮੁੱਖ ਮਹਿਮਾਨ ਵਜੋਂ ਜਗਮੀਤ ਸਿੰਘ ਨੋਨੀ ਕੌਂਸਲਰ ਅਤੇ ਸਪੋਕਸਮੈਨ ਨੇ ਲੋਕਾਂ ਨਾਲ ਸਿੱਧਾ ਸੰਵਾਦ ਕੀਤਾ, ਮੈਂਬਰ ਰਜਿੰਦਰ ਸਿੰਘ ਸਰਹਾਲੀ , ਵਿਪਨ ਸੇਠੀ , ਮਨਪ੍ਰੀਤ ਸਿੰਘ ਚੇਅਰਮੈਨ , ਇਕਬਾਲ ਕੌਰ , ਸੁਖਵਿੰਦਰ ਕੌਰ ਸੁੱਖੀ , ਕੁਲਵੀਰ ਸਿੰਘ ਦਿਆਲ ਢਿੱਲੋਂ ਡਾ ਕੁਲਦੀਪ ਸਿੰਘ ਅਵਤਾਰ ਸਿੰਘ ਹਰਜੀਤ ਸਿੰਘ ਜੰਡੂ ਮੋਹਣ ਸਿੰਘ ਲੋਟੇ ਅਰਸ਼ ਬਿੱਲਾ ,ਬਿੱਟੂ, ਹਰਪ੍ਰੀਤ ਸਿੰਘ ਮਨਦੀਪ ਸਿੰਘ, ਨਰਿੰਦਰ ਸਿੰਘ ਮਠਾੜੂ, ਸੁਖਵਿੰਦਰ ਸਿੰਘ , ਗੈਰੀ ਸੱਗੂ, ਮੰਨੀ ਬੈਂਸ , ਇੰਦਰਜੀਤ ਬੌਬੀ , ਦਰਸ਼ਨ ਸਿੰਘ ਕੋਮਲ ਆਦਿ ਮੌਕੇ 'ਤੇ ਹਾਜ਼ਰ ਸਨ ।

# ਭਗਵਾਨ ਪਰਸ਼ੂਰਾਮ ਦੇ ਜਨਮ ਦਿਵਸ 'ਤੇ ਕੱਢੀ ਜਾ ਰਹੀ ਰਾਜ ਪੱਧਰੀ ਯਾਤਰਾ ਸਬੰਧੀ ਤਿਆਰੀਆਂ ਜ਼ੋਰਾਂ 'ਤੇ



ਲੁਧਿਆਣਾ, 3 ਅਪ੍ਰੈਲ (ਵਿਸ਼ਾਲ ਸ਼ਰਮਾ): ਬ੍ਰਾਹਮਣ ਭਲਾਈ ਬੋਰਡ ਵੱਲੋਂ 17 ਅਪ੍ਰੈਲ, ਸ਼ੁੱਕਰਵਾਰ ਨੂੰ ਭਗਵਾਨ ਪਰਸ਼ੂਰਾਮ ਦੇ ਜਨਮ ਦਿਵਸ ਦੇ ਸਬੰਧ ਵਿੱਚ ਕੱਢੀ ਜਾ ਰਹੀ 13ਵੀਂ ਰਾਜ ਪੱਧਰੀ ਯਾਤਰਾ ਦੀਆਂ ਤਿਆਰੀਆਂ ਪੂਰੇ ਜ਼ੋਰਾਂ-ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬ੍ਰਾਹਮਣ ਭਲਾਈ ਬੋਰਡ ਦੇ ਚੇਅਰਮੈਨ ਪੰਕਜ ਸ਼ਾਰਦਾ ਨੇ ਮਿੰਨੀ ਸਕੱਤਰੇਤ ਦੇ ਬੱਚਤ ਭਵਨ ਵਿੱਚ ਹੋਈ ਇੱਕ ਪ੍ਰਭਾਵਸ਼ਾਲੀ ਮੀਟਿੰਗ ਦੌਰਾਨ ਕੀਤਾ। ਸ਼ਾਰਦਾ ਨੇ ਦੱਸਿਆ ਕਿ ਦਰੇਸੀ ਗਰਾਊਂਡ ਤੋਂ ਸ਼ੁਰੂ ਹੋਣ ਵਾਲੀ ਇਸ ਯਾਤਰਾ ਵਿੱਚ ਸੂਬੇ ਭਰ ਤੋਂ ਵੱਡੀ ਗਿਣਤੀ ਵਿੱਚ ਬ੍ਰਾਹਮਣ ਪਰਿਵਾਰ ਅਤੇ ਸਨਾਤਨੀਆਂ ਹਿੱਸਾ ਲੈਣਗੇ। ਦਰੇਸੀ ਤੋਂ ਸ਼ੁਰੂ ਹੋ ਕੇ, ਯਾਤਰਾ ਪ੍ਰਤਾਪ ਬਾਜ਼ਾਰ, ਨਗਰ ਨਿਗਮ, ਘੰਟਾਘਰ, ਚੌੜਾ ਬਾਜ਼ਾਰ, ਡਿਵੀਜ਼ਨ ਨੰਬਰ 3 ਵਿੱਚੋਂ ਲੰਘੇਗੀ ਅਤੇ ਪ੍ਰਾਚੀਨ ਮੰਦਰ ਸ਼ਾਂਗਲਾਵਾਲਾ ਸ਼ਿਵਾਲਾ ਵਿਖੇ ਇੱਕ ਸ਼ਾਨਦਾਰ ਆਰਤੀ ਨਾਲ ਸਮਾਪਤ ਹੋਵੇਗੀ। ਪੂਰੇ ਯਾਤਰਾ ਦੇ ਰਸਤੇ ਨੂੰ ਦੁਲਹਨ ਵਾਂਗ ਸਜਾਇਆ ਜਾਵੇਗਾ ਅਤੇ ਇਸ ਵਿੱਚ ਬੈਂਡ, ਢੋਲ ਅਤੇ ਸੁੰਦਰ ਰੱਥ ਸ਼ਾਮਲ ਹੋਣਗੇ। ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਵਾਲੀ ਇੱਕ ਵਿਸ਼ੇਸ਼ ਝਾਕੀ ਯਾਤਰਾ ਵਿੱਚ ਸ਼ਾਮਲ ਕੀਤੀ ਜਾਵੇਗੀ। ਇਸ ਮੌਕੇ ਡਾ: ਦੀਪਕ ਮਾਨ, ਰਾਜ ਕੁਮਾਰ ਸ਼ਰਮਾ, ਧਰਮਿੰਦਰ ਧਾਮੀ, ਅਸ਼ਵਨੀ ਸ਼ਾਰਦਾ, ਹਾਕਮ ਸਿੰਘ, ਨਰਿੰਦਰ ਗੁਪਤਾ, ਐਡਵੋਕੇਟ ਸਿਧਾਂਤ ਸ਼ਾਰਦਾ, ਐਡਵੋਕੇਟ ਰਜਨੀਸ਼ ਗੁਪਤਾ, ਐਡਵੋਕੇਟ ਨੀਲੇਸ਼ ਗੁਪਤਾ, ਭੂਸ਼ਣ ਸ਼ਰਮਾ, ਰਾਜੂ ਸ਼ੁਕਲਾ, ਅਸ਼ੋਕ ਜਿੰਦਲ, ਸਰਬਜੀਤ ਸਿੰਘ ਬੰਟੀ, ਰਵਿੰਦਰ ਗੋਰਵਕੇ, ਸਵ. ਸਹਿਗਲ, ਪੰਡਿਤ ਜਯੰਤ ਕੌਸ਼ਿਕ, ਪੰਕਜ ਸੂਦ, ਰਾਜੀਵ ਸ਼ਰਮਾ, ਭਜਨ ਦੁਆ, ਕੇਸ਼ਵ ਸ਼ਰਮਾ, ਗੌਤਮ ਸ਼ਾਰਦਾ, ਦੀਪਕ ਕੋਹਲੀ, ਮਨੂ, ਸੁਪ੍ਰਮ ਸੁੰਡਾ, ਵਿਸ਼ਨੂੰ ਸ਼ਰਮਾ ਵਰੁਣ ਰਾਮਪਾਲ, ਅਮਿਤ, ਭੂਸ਼ਣ ਕੌਸ਼ਿਕ ਅਤੇ ਪ੍ਰੇਮਨਾਥ ਹਾਜ਼ਰ ਸਨ।

# ਹਰਿਆਣਾ ਕਮੇਟੀ ਦੇ ਉੱਚ ਪੱਧਰੀ ਵਫ਼ਦ ਵੱਲੋਂ ਕੁਰੂਕਸ਼ੇਤਰ ਦੇ ਪੁਲਿਸ ਸੁਪਰਡੈਂਟ ਨਾਲ ਮੁਲਾਕਾਤ

## *ਮੀਰੀ-ਪੀਰੀ ਮੈਡੀਕਲ ਕਾਲਜ ਘਟਨਾ ਦੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ*



ਲੁਧਿਆਣਾ 3 ਅਪ੍ਰੈਲ (ਕਰਨੈਲ ਸਿੰਘ ਐੱਮ.ਏ.): 2 ਅਪ੍ਰੈਲ ਨੂੰ, ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਅਤੇ ਮੈਂਬਰਾਂ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਕੁਰੂਕਸ਼ੇਤਰ ਦੇ ਮੁੱਖ ਦਫ਼ਤਰ, ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਦਾ ਦੌਰਾ ਕੀਤਾ। ਇਸ ਤੋਂ ਬਾਅਦ, ਮੀਰੀ-ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ, ਸ਼ਾਹਬਾਦ ਮਾਰਕੰਡਾ ਦੀ ਮੌਜੂਦਾ ਸਥਿਤੀ ਬਾਰੇ ਸੰਗਤਾਂ ਨੂੰ ਜਾਣਕਾਰੀ ਦੇਣ ਲਈ ਇੱਕ ਪ੍ਰੈਸ ਕਾਨਫਰੰਸ ਕੀਤੀ ਗਈ।

ਇਹ ਦੱਸਿਆ ਗਿਆ ਕਿ ਬਾਦਲ ਪਰਿਵਾਰ ਨੇ ਇੱਕ ਟਰੱਸਟ ਬਣਾ ਲਿਆ ਹੈ ਅਤੇ ਗੁਰਦੁਆਰਾ ਸਾਹਿਬ ਦੀ ਜ਼ਮੀਨ 'ਤੇ ਗੈਰ-ਕਾਨੂੰਨੀ ਕਬਜ਼ਾ ਕਰ ਲਿਆ ਹੈ, ਜਿਸ ਨੂੰ ਕਾਨੂੰਨੀ ਤੌਰ 'ਤੇ ਹਰਿਆਣਾ ਕਮੇਟੀ ਦੇ ਪ੍ਰਬੰਧਨ ਅਧੀਨ ਲਿਆਂਦਾ ਜਾਵੇਗਾ।

20 ਮਾਰਚ ਨੂੰ, ਮੀਰੀ-ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਪਹੁੰਚੇ ਹਰਿਆਣਾ ਕਮੇਟੀ ਦੇ ਅਧਿਕਾਰੀਆਂ 'ਤੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਅਤੇ ਮੈਂਬਰ ਬਲਦੇਵ ਸਿੰਘ ਕਿਆਮਪੁਰ ਦੇ ਇਸ਼ਾਰੇ 'ਤੇ ਬਾਦਲ ਸਮੂਹ ਅਤੇ ਸ਼੍ਰੋਮਣੀ ਕਮੇਟੀ ਦੇ ਸਮਰਥਕਾਂ ਨੇ ਹਮਲਾ ਕਰ ਦਿੱਤਾ। ਦਸਤਾਰਾਂ ਸੁੱਟੀਆਂ ਗਈਆਂ ਅਤੇ ਮਾਹੌਲ ਖਰਾਬ ਹੋ ਗਿਆ। ਇਨ੍ਹਾਂ 20 ਦੋਸ਼ੀਆਂ ਵਿਰੁੱਧ 28 ਮਾਰਚ ਨੂੰ ਸ਼ਾਹਬਾਦ ਮਾਰਕੰਡਾ ਪੁਲਿਸ ਸਟੇਸ਼ਨ ਵਿਖੇ ਆਈਪੀਸੀ ਦੀ ਧਾਰਾ 299/351(3)/190/191(2)/115 ਤਹਿਤ ਮਾਮਲਾ ਨੰਬਰ 137 ਦਰਜ ਕੀਤਾ ਗਿਆ ਸੀ। ਹਰਿਆਣਾ ਕਮੇਟੀ ਦੇ ਇੱਕ ਵਫ਼ਦ ਨੇ ਕੁਰੂਕਸ਼ੇਤਰ ਦੇ ਪੁਲਿਸ ਸੁਪਰਡੈਂਟ ਸ਼੍ਰੀ ਚੰਦਰ ਮੋਹਨ ਨਾਲ ਮੁਲਾਕਾਤ ਕਰਕੇ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ।

ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ 7 ਤਾਰੀਖ਼ ਨੂੰ ਮੀਰੀ-ਪੀਰੀ ਹਸਪਤਾਲ ਦਾ ਦੌਰਾ ਕਰ ਰਹੇ ਹਨ। ਜੇਕਰ ਉਹ ਨਾਜਾਇਜ਼ ਕਬਜ਼ਾ ਖਾਲੀ ਕਰਵਾਉਂਦੇ ਹਨ ਅਤੇ ਪ੍ਰਬੰਧਨ ਦੀਆਂ ਚਾਬੀਆਂ ਹਰਿਆਣਾ ਕਮੇਟੀ ਨੂੰ ਸੌਂਪਦੇ ਹਨ, ਤਾਂ ਉਨ੍ਹਾਂ ਨੂੰ ਗੁਰਦੁਆਰਾ ਮੰਜੀ ਬਾਉਲੀ ਸਾਹਿਬ, ਅੰਬਾਲਾ ਵਿਖੇ ਸਿਰੋਪਾਓ ਨਾਲ ਸਨਮਾਨਿਤ ਕੀਤਾ ਜਾਵੇਗਾ। ਹਰਿਆਣਾ ਭਰ ਤੋਂ ਸੈਂਕੜੇ ਪਤਵੰਤੇ ਅੱਜ ਮੁੱਖ ਦਫ਼ਤਰ ਵਿੱਚ ਹਾਜ਼ਰ ਹੋਏ, ਉਨ੍ਹਾਂ ਮੰਗ ਕੀਤੀ ਕਿ ਹਰਿਆਣਾ ਕਮੇਟੀ ਮੀਰੀ-ਪੀਰੀ ਮੈਡੀਕਲ ਕਾਲਜ ਅਤੇ ਹਸਪਤਾਲ ਸੌਂਪੇ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰੇ। ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਉਨ੍ਹਾਂ ਨੂੰ ਹਰਿਆਣਾ ਦੇ ਸਮਰਥਨ ਵਿੱਚ ਖੜ੍ਹੇ ਹੋਣ ਦੀ ਅਪੀਲ ਕੀਤੀ, ਨਹੀਂ ਤਾਂ ਸੰਗਤਾਂ ਇੱਕਜੁੱਟ ਹੋ ਕੇ ਉਨ੍ਹਾਂ ਨੂੰ ਹਰਿਆਣਾ ਦੇ ਸਮਰਥਨ ਵਿੱਚ ਖੜ੍ਹੇ ਹੋਣ ਲਈ ਪ੍ਰੇਰਿਤ ਕਰਨਗੀਆਂ।

# ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਪੁਲਿਸ ਨੇ ਕੱਟੇ ਚਲਾਨ



ਫਿਲੌਰ, 3 ਅਪੈਲ (ਅਜੇ ਸਿੰਘ ਨਾਗੀ ): ਹਰਵਿੰਦਰ ਸਿੰਘ ਵਿਰਕ ਐਸ ਐਸ ਪੀ ਜਲੰਧਰ ਦਿਹਾਤੀ, ਡੀ ਐਸ ਪੀ ਭਾਰਤ ਮਸੀਹ ਦੀਆਂ ਹਦਾਇਤਾਂ 'ਤੇ ਟ੍ਰੈਫਿਕ ਨਿਯਮਾਂ ਨੂੰ ਸਚਾਰੂ ਢੰਗ ਨਾਲ ਲਾਗੂ ਕਰਵਾਉਣ ਲਈ 112 ਟੀਮ ਦੇ ਇੰਚਾਰਜ ਲਖਵਿੰਦਰ ਸਿੰਘ, ਤੇ ਅਲੀ ਮੁਹੰਮਦ ਖਾਨ, ਕੁਲਦੀਪ, ਨਿਰਲੇਪ ਸਿੰਘ ਵਲੋਂ ਵਿਸ਼ੇਸ਼ ਨਾਕਾ ਲਗਾਕੇ ਵਹਾਨਾ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਟ੍ਰੈਫਿਕ ਨਿਯਮਾਂ ਦੀਆਂ ਧੱਜੀਆਂ ਉਡਾਣ ਵਾਲੇ ਚਾਲਕਾਂ ਦੇ ਅਧੂਰੇ ਕਾਗਜਾਤ ਵਾਲੇ ਚਾਲਕ ਦੇ ਔਨਲਾਈਨ ਚਲਾਨ ਕੀਤੇ, ਇਸ ਮੌਕੇ ਲਖਵਿੰਦਰ ਸਿੰਘ ਥਾਣੇਦਾਰ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 10 ਵਾਹਨ ਚਾਲਕ ਦੇ ਔਨਲਾਈਨ ਚਲਾਨ ਕੀਤੇ ਤੇ ਇੱਕ ਮੋਟਰਸਾਈਕਲ ਬਾਊਂਡ ਕੀਤਾ ਤੇ ਵਾਹਨ ਚਾਲਕਾਂ ਨੂੰ ਅਪੀਲ ਕੀਤੀ ਕਿ ਆਪਣੇ ਵਹਾਨਾ ਦੇ ਪੇਪਰ ਪੂਰੇ ਰੱਖੋ ਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ। ਜੇਕਰ ਕੋਈ ਵਾਹਨ ਚਾਲਕ ਪ੍ਰੈਸ਼ਰ ਹਾਰਨ ਤੇ ਪਟਾਕੇ ਵਜਾਉਦਾ ਫੜਿਆ ਗਿਆ ਮੌਕੇ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਖਾਸੀ-ਕਲਾਂ ਦੀ ਰੈਲੀ ਵਿੱਚ ਹੁੰਮ-ਹੁੰਮਾਕੇ ਪਹੁੰਚਣ ਵਾਲਿਆਂ ਦਾ ਮੰਤਰੀ ਮੂੰਡੀਆਂ ਵੱਲੋਂ ਧੰਨਵਾਦ

## *ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਸਮਾਂ ਕੱਢ ਕੇ ਪਹੁੰਚੇ ਨੁਮਾਇੰਦਿਆਂ ਦੀ ਭੂਮਿਕਾ ਨੂੰ ਦਿੱਤਾ ਸਨਮਾਨ*



ਸਾਹਨੇਵਾਲ ਕੁਹਾੜਾ, 3 ਅਪ੍ਰੈਲ (ਕੁਲਦੀਪ ਸਿੰਘ ਕੁਹਾੜਾ) : ਬੀਤੇ ਦਿਨ ਦਾਣਾ ਮੰਡੀ ਪਿੰਡ ਖਾਸੀ ਕਲਾਂ ਵਿੱਚ ਕੈਬਨਿਟ ਮੰਤਰੀ ਹਰਦੀਪ ਸਿੰਘ ਮੂੰਡੀਆਂ ਦੀ ਅਗਵਾਈ ਹੇਠ ਹੋਈ ਆਮ ਆਦਮੀ ਪਾਰਟੀ ਦੀ ਰਿਕਾਰਡ ਤੋੜ ਰੈਲੀ ਨੇ ਸਿਆਸੀ ਮਾਹੌਲ ਗਰਮਾ ਦਿੱਤਾ। ਇਸ ਵਿਸ਼ਾਲ ਇਕੱਠ ਨੂੰ ਦੇਖਦੇ ਹੋਏ ਪੰਜਾਬ ਪ੍ਰਭਾਵੀ ਸ੍ਰੀ ਮਨੀਸ਼ ਸਿਸੋਦੀਆ ਵੀ ਗਦਗਦ ਹੋ ਉੱਠੇ ਅਤੇ ਲੋਕਾਂ ਦੇ ਭਰਪੂਰ ਸਮਰਥਨ ਦੀ ਖੁੱਲ੍ਹ ਕੇ ਸਰਾਹਨਾ ਕੀਤੀ।

ਇਸ ਸਬੰਧ ਵਿੱਚ ਮੰਤਰੀ ਹਰਦੀਪ ਸਿੰਘ ਮੂੰਡੀਆਂ ਨੇ ਹਲਕਾ ਸਾਹਨੇਵਾਲ ਦੇ ਵੱਖ-ਵੱਖ ਪਿੰਡਾਂ ਵਿੱਚੋਂ ਵੱਡੀ ਗਿਣਤੀ ਵਿੱਚ ਪਹੁੰਚੇ ਸਰਪੰਚਾਂ, ਪੰਚਾਂ, ਬਲਾਕ ਪ੍ਰਧਾਨਾਂ ਅਤੇ ਬਲਾਕ ਸੰਮਤੀ ਮੈਂਬਰਾਂ ਦਾ ਆਪਣੇ ਸਾਥੀਆਂ ਸਮੇਤ ਇਸ ਰੈਲੀ ਵਿੱਚ ਸ਼ਿਰਕਤ ਕਰਨ 'ਤੇ ਦਿਲੋਂ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਖਾਸ ਤੌਰ 'ਤੇ ਉਹਨਾਂ ਨੁਮਾਇੰਦਿਆਂ ਦਾ ਜ਼ਿਕਰ ਕੀਤਾ ਜਿਨ੍ਹਾਂ ਨੇ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ ਦੇ ਮਹੱਤਵਪੂਰਨ ਕੰਮ ਛੱਡ ਕੇ ਰੈਲੀ ਵਿੱਚ ਸ਼ਿਰਕਤ ਕੀਤੀ।

ਮੰਤਰੀ ਮੂੰਡੀਆਂ ਨੇ ਕਿਹਾ ਕਿ ਲੋਕਾਂ ਦੀ ਇਹ ਵੱਡੀ ਭਾਗੀਦਾਰੀ ਸਰਕਾਰ ਦੀਆਂ ਲੋਕ-ਹਿਤੈਸ਼ੀ ਨੀਤੀਆਂ 'ਤੇ ਭਰੋਸੇ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਜੋਸ਼ ਅਤੇ ਸਹਿਯੋਗ ਨਾਲ ਸਰਕਾਰ ਨੂੰ ਹੋਰ ਉਤਸ਼ਾਹ ਮਿਲਦਾ ਹੈ ਅਤੇ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕੰਮ ਹੋਰ ਤੇਜ਼ੀ ਨਾਲ ਅੱਗੇ ਵਧਦੇ ਹਨ।

ਉਨ੍ਹਾਂ ਅੰਤ ਵਿੱਚ ਦੁਹਰਾਇਆ ਕਿ ਸਰਕਾਰ ਹਮੇਸ਼ਾਂ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਣ ਲਈ ਵਚਨਬੱਧ ਹੈ ਅਤੇ ਮੈਨੂੰ ਉਮੀਦ ਹੈ ਕਿ ਲੋਕੀ ਭਵਿੱਖ ਵਿੱਚ ਵੀ ਇਸ ਤਰ੍ਹਾਂ ਦਾ ਸਾਥ ਦੇਣਗੇ।

# ਪੰਜਾਬੀ ਗੀਤ 'ਦਾ ਲੀਜੈਂਡ ਸੁਰਿੰਦਰ ਸ਼ਿੰਦਾ ਕੁਲਦੀਪ ਮਾਣਕ' ਦੀ ਸ਼ੂਟਿੰਗ ਮੁਕੰਮਲ



ਲੁਧਿਆਣਾ, 3 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਇੱਕ ਵਿਲੱਖਣ ਕਿਸਮ ਦੇ ਪੰਜਾਬੀ ਗੀਤ 'ਦਾ ਲੀਜੈਂਡ ਸੁਰਿੰਦਰ ਸ਼ਿੰਦਾ ਕੁਲਦੀਪ ਮਾਣਕ' ਦੀ ਸ਼ੂਟਿੰਗ ਮੁਕੰਮਲ ਹੋ ਗਈ ਹੈ । ਇਸ ਗੀਤ ਨੂੰ ਕਮਲਜੀਤ ਨਵਾਂ ਸ਼ਹਿਰ ਨੇ ਬਹੁਤ ਹੀ ਖ਼ੂਬਸੂਰਤ ਆਵਾਜ਼ ਵਿੱਚ ਗਾਇਆ ਹੈ। ਇਸ ਗੀਤ ਦੇ ਸੰਗੀਤਕਾਰ ਅਤੇ ਵੀਡੀਓ ਡਾਇਰੈਕਟਰ ਅਵਤਾਰ ਧੀਮਾਨ ਹਨ। ਉਨਾਂ ਦੱਸਿਆ ਕਿ ਇਸ ਗੀਤ ਨੂੰ ਜਲਦੀ ਹੀ ਰਿਲੀਜ਼ ਕਰ ਦਿੱਤਾ ਜਾਵੇਗਾ।

# ਦੇਹਰਾ ਬਾਬਾ ਭਗਤ ਸੈਣਿ ਜੀ ਪ੍ਰਤਾਬਪੁਰਾ ਵਿਖੇ ਵਿਸਾਖੀ ਦਾ ਤਿਉਹਾਰ ਮਨਾਇਆ ਜਾਵੇਗਾ : ਮੱਖਣ ਪੱਲਣ



ਫਿਲੌਰ, 3 ਅਪ੍ਰੈਲ (ਅਜੇ ਸਿੰਘ ਨਾਗੀ): ਵਿਸ਼ਵ ਦੇ ਪ੍ਰਸਿੱਧ ਇਤਿਹਾਸਕ ਤੱਪ ਅਸਥਾਨ ਦੇਹਰਾ ਬਾਬਾ ਸੈਣਿ ਭਗਤ ਜੀ ਪ੍ਰਤਾਬਪੁਰਾ ਨੇੜੇ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਪੰਜ ਪਿਆਰਿਆਂ ਦੀ ਯਾਦ ਵਿੱਚ ਵਿਸਾਖੀ ਦੇ ਸ਼ੁਭ ਤਿਉਹਾਰ ਤੇ 12, 13, 14 ਅਪ੍ਰੈਲ ਨੂੰ ਭਾਰੀ ਵਿਸਾਖੀ ਜੋੜ ਮੇਲਾ ਦੇਹਰਾ ਬਾਬਾ ਸੈਣਿ ਭਗਤ ਜੀ ਪ੍ਰਤਾਬਪੁਰਾ (ਰਜਿ. )ਪ੍ਰਬੰਧਕ ਕਮੇਟੀ ਵਲੋਂ ਮਨਾਇਆ ਜਾਵੇਗਾ, 12 ਅਪ੍ਰੈਲ ਨੂੰ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ । 13 ਅਪ੍ਰੈਲ ਨੂੰ ਵਿਸ਼ਾਲ ਨਗਰ ਕੀਰਤਨ ਸਵੇਰੇ ਪੰਜ ਪਿਆਰਿਆਂ ਦੀ ਅਗਵਾਈ ਦੇ ਵਿੱਚ 11 ਵਜੇ ਆਰੰਭ ਹੋਵੇਗਾ ਪ੍ਰਤਾਬਪਪੁਰਾ, ਸੰਗਤਪੁਰਾ, ਕਲਿਆਣਪੁਰਾ, ਬੇਗਮਪੁਰ ਅੱਡਾ, ਭੈਣੀ, ਹਰੀਪੁਰ ਖਾਲਸਾ, ਮੀਓਵਾਲ, ਮੌ ਸਾਹਿਬ, ਰਾਮਾ ਖੇਲਾ ਤੋਂ ਹੁੰਦਾ ਹੋਇਆ ਦੇਹਰਾ ਬਾਬਾ ਸੈਣਿ ਭਗਤ ਜੀ ਪ੍ਰਤਾਬਪੁਰਾ ਸਮਾਪਤ ਹੋਵੇਗਾ,14 ਅਪ੍ਰੈਲ ਨੂੰ ਸਵੇਰੇ 9 ਵਜੇ ਤੋਂ 10 ਵਜੇ ਨਿਸ਼ਾਨ ਸਾਹਿਬ ਉਪਰੰਤ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰੂ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਨਗੇ । ਸਮਾਗਮ ਦੀ ਜਾਣਕਾਰੀ ਦੇਹਰਾ ਬਾਬਾ ਸੈਣਿ ਭਗਤ ਜੀ ਪ੍ਰਤਾਬਪੁਰਾ (ਰਜਿ.)ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੱਖਣ ਪੱਲਣ ਤੇ ਪ੍ਰਬੰਧਕ ਕਮੇਟੀ ਮੈਂਬਰਾਂ ਨੇ ਦਿੱਤੀ। ਇਸ ਮੌਕੇ ਪ੍ਰਧਾਨ ਮੱਖਣ ਪੱਲਣ, ਸਰਵਣ ਸਿੰਘ ਫੌਜੀ ਸੀਨੀਅਰ ਮੀਤ ਪ੍ਰਧਾਨ, ਚਰਨਜੀਤ ਸਿੰਘ ਲਾਡੀ ਵਾਈਸ ਪ੍ਰਧਾਨ, ਸਰਵਣ ਸਿੰਘ ਮੁੱਲਾਂਪੁਰ ਜਰਨਲ ਸਕੱਤਰ, ਮਾਸਟਰ ਜਸਵਿੰਦਰ ਸਿੰਘ ਖਜਾਨਚੀ, ਗੁਰਜੀਤ ਸਿੰਘ ਸੈਲੋਪਾਲ, ਮਿੰਟੂ ਰੋਗਲਾ, ਡਾਕਟਰ ਗੁਰਜੀਤ ਸਿੰਘ ਭੀਖੀ, ਡਾਕਟਰ ਗੁਰਜੀਤ ਤੇ ਕਮੇਟੀ ਮੈਂਬਰ ਤੇ ਸੰਗਤਾਂ ਹਾਜ਼ਰ ਸਨ।

# ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ



ਲੁਧਿਆਣਾ, 3 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚੱਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਅਮਰਜੀਤ ਸਿੰਘ ਪਟਿਆਲੇ ਵਾਲਿਆ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਨਿਹਾਲ ਕੀਤਾ । ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਬਰਾਂ ਵੱਲੋਂ ਕੀਰਤਨੀ ਜੱਥੇ ਦੇ ਮੈਬਰਾਂ ਨੂੰ ਸਿਰਪਾਓ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਮਹਿੰਦਰ ਡੰਗ,ਅਤੱਰ ਸਿੰਘ ਮਕੱੜ, ਰਜਿੰਦਰ ਸਿੰਘ ਡੰਗ, ਭੁਪਿੰਦਰ ਸਿੰਘ ਅਰੋੜਾ, ਹਰਪਾਲ ਸਿੰਘ ਖਾਲਸਾ, ਬਲਬੀਰ ਸਿੰਘ ਭਾਟੀਆ, ਹਰਮੀਤ ਸਿੰਘ ਡੰਗ, ਸੁਖਵਿੰਦਰ ਸਿੰਘ ਹੈਪੀ ਕੋਚਰ, ਹਰਵਿੰਦਰ ਸਿੰਘ ਕੋਹਲੀ, ਹਰਬੰਸ ਸਿੰਘ ਰਾਜਾ,ਗੁਰਦੀਪ ਸਿੰਘ ਡੀਮਾਰਟੇ, ਸੁਰਿੰਦਰਪਾਲ ਸਿੰਘ ਭੁਟੀਆਨੀ, ਨਰਿੰਦਰਪਾਲ ਸਿੰਘ ਕਥੂਰੀਆ, ਪ੍ਰੇਮ ਸਿੰਘ ,ਅਵਤਾਰ ਸਿੰਘ ਬੀ.ਕੇ ,ਅਵਤਾਰ ਸਿੰਘ ਮਿੱਡਾ, ਮਨਮੋਹਨ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ ।

# ਮਨੀ ਭਗਤ ਬ੍ਰਾਹਮਣ ਭਲਾਈ ਬੋਰਡ ਦੇ ਜ਼ਿਲ੍ਹਾ ਇੰਚਾਰਜ ਬਣੇ



ਲੁਧਿਆਣਾ, 3 ਅਪ੍ਰੈਲ (ਰਵਿੰਦਰ ਸਿੰਘ ਨਿੱਝਰ): ਉੱਘੇ ਸਮਾਜ ਸੇਵਕ ਤੇ ਲੰਬੇ ਅਰਸੇ ਤੋਂ ਵਾਰਡ 41 ਵਿੱਚ ਸੇਵਾ ਨਿਭਾ ਰਹੇ ਮਨੀ ਭਗਤ ਨੂੰ ਉਹਨਾਂ ਦੀ ਸਮੁੱਚੀ ਕਾਰਗੁਜ਼ਾਰੀ ਨੂੰ ਦੇਖਦਿਆਂ ਹੋਇਆ ਪੰਜਾਬ ਬ੍ਰਾਹਮਣ ਭਲਾਈ ਬੋਰਡ ਦੇ ਸੂਬਾ ਪ੍ਰਧਾਨ ਪੰਕਜ ਸ਼ਾਰਦਾ ਨੇ ਮਨੀ ਭਗਤ ਨੂੰ ਬ੍ਰਾਹਮਣ ਭਲਾਈ ਬੋਰਡ ਪੰਜਾਬ ਸਰਕਾਰ ਦੇ ਜ਼ਿਲ੍ਹਾ ਇੰਚਾਰਜ ਨਿਯੁਕਤ ਕੀਤਾ ਹੈ। ਆਪਣੀ ਇਸ ਨਿਯੁਕਤੀ 'ਤੇ ਮਨੀ ਭਗਤ ਨੇ ਜਿੱਥੇ ਆਪਣੇ ਉੱਤੇ ਪਈ ਇਸ ਜਿੰਮੇਂਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਵਾਅਦਾ ਕੀਤਾ ਹੈ ਉੱਥੇ ਉਹਨਾਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, ਸਹਿ ਇੰਚਾਰਜ ਅਦਿਲ ਅਹਿਮਦ, ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਵਿਧਾਨ ਸਭਾ ਹਲਕਾ ਆਤਮ ਨਗਰ ਦੇ ਵਿਧਾਇਕ ਕੁਲਵੰਤ ਸਿੱਧੂ ਸਮੇਤ ਸਮੁੱਚੀ ਹਾਈ ਕਮਾਂਡ ਦਾ ਧੰਨਵਾਦ ਕੀਤਾ ਹੈ।


# ਪਿੰਡ ਮਨਸੂਰਪੁਰ ਵਿਖੇ ਵੱਡੀ ਗਿਣਤੀ 'ਚ ਪੰਚਾਇਤ ਦੀ ਹਾਜ਼ਰੀ 'ਚ ਕਈ ਪਰਿਵਾਰ ਅਕਾਲੀ ਦਲ 'ਚ ਸ਼ਾਮਲ



ਫਿਲੌਰ, 3 ਅਪ੍ਰੈਲ (ਅਜੇ ਸਿੰਘ ਨਾਗੀ): ਆਮ ਆਦਮੀ ਪਾਰਟੀ ਹਲਕਾ ਫਿਲੌਰ ਤੋਂ ਉਸਵੇਲੇ ਭਾਰੀ ਝਟਕਾ ਲੱਗਾ ਜਦੋਂ ਮੌਜੂਦ ਪੰਚ ਤੇ ਕਈ ਪਰਿਵਾਰ ਆਮ ਪਾਰਟੀ ਦੀਆਂ ਨੀਤੀਆਂ ਤੋ ਦੁਖੀ ਹੋ ਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਸ਼ਾਮਿਲ ਹੋਏ। ਬੀਤੇ ਦਿਨੀਂ ਹਲਕਾ ਫਿਲੌਰ 'ਚ ਬਲਦੇਵ ਸਿੰਘ ਖਹਿਰਾ ਸਾਬਕਾ ਵਿਧਾਇਕ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ ਰੱਖੀ ਗਈ ਸੀ। ਜਿਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਸੰਬੋਧਨ ਕੀਤਾ ਗਿਆ ਸੀ। ਜਿਨ੍ਹਾਂ ਵੱਲੋਂ ਇਲਾਕੇ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਤੁਸੀਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਓ। ਅਸੀਂ ਸਾਰੀਆਂ ਲੋਕ ਭਲਾਈ ਸਕੀਮਾਂ ਚਾਲੂ ਕਰ ਦਿੱਤੀਆ ਜਾਣਗੀਆਂ। ਹਲਕਾ ਵਾਸੀਆਂ ਵੱਲੋਂ ਉਨ੍ਹਾਂ 'ਤੇ ਭਰੋਸਾ ਜਿਤਾਉਂਦੇ ਹੋਏ ਪਿੰਡ ਮਨਸੂਰਪੁਰ ਦੇ ਕਈ ਪਰਿਵਾਰ ਪੰਚਾਇਤ ਦੀ ਹਾਜ਼ਰੀ 'ਚ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ। ਜਿਨ੍ਹਾਂ ਦਾ ਬਲਦੇਵ ਸਿੰਘ ਖਹਿਰਾ ਵੱਲੋਂ ਸਿਰੋਪਾਉ ਪਾ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਬਲਦੇਵ ਸਿੰਘ ਖਹਿਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਜੋ ਅੱਜ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਹਾਲਾਤ ਬਣਾ ਦਿੱਤੇ ਹਨ ਉਹ ਕਿਸੇ ਤੋਂ ਵੀ ਲੁਕੇ ਨਹੀਂ ਹਨ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ 'ਚ ਕੋਈ ਵੀ ਸੁਰੱਖਿਅਤ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਤੋਂ ਇੰਨੇ ਤੰਗ ਹਨ ਕਿ ਉਹ ਆਮ ਆਦਮੀ ਪਾਰਟੀ ਨੂੰ ਪੰਜਾਬ 'ਚੋਂ ਬਾਹਰ ਕੱਢਣ ਲਈ ਤਿਆਰ ਹਨ। ਉਨ੍ਹਾਂ ਸਮੂਹ ਹਲਕਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦੇ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਹੱਥ ਮਜ਼ਬੂਤ ਕਰੋ। ਇਸ ਮੌਕੇ ਹਾਜ਼ਰ ਸੁੱਚਾ ਰਾਮ ਨੰਬਰਦਾਰ, ਅਮਰੀਕ ਸਿੰਘ ਨੰਬਰਦਾਰ, ਸੰਤੋਖ ਸਿੰਘ ਕੈਨੇਡਾ, ਰਵੀ ਸਿੱਧੂ, ਹਰਦੀਪ ਸਿੰਘ ਸਿੱਧੂ, ਹਰਕਮਲ ਸਿੰਘ, ਬਲਵੀਰ ਸਿੰਘ ਪੰਚ, ਕੁਲਦੀਪ ਸਿੰਘ ਧਾਲੀਵਾਲ, ਕ੍ਰਿਪਾਲ ਸਿੰਘ, ਲਖਵੀਰ ਸਿੰਘ ਪੰਚ, ਮੱਖਣ ਸਿੰਘ ਸਾਬਕਾ ਪੰਚ, ਜਸਕਰਨ ਸਿੰਘ ਅਤੇ ਹੋਰ ਹਾਜ਼ਰ ਸਨ।

# ਸਭ ਤੋਂ ਖਤਰਨਾਕ ਡਾਇਨਾਸੌਰ ਦੇ 'ਚਮੜੇ' ਤੋਂ ਬਣਿਆ ਇੱਕ ਹੈਂਡਬੈਗ ਕੀਤਾ ਜਾਵੇਗਾ ਨਿਲਾਮ

## ਸ਼ੁਰੂਆਤੀ ਕੀਮਤ ₹4.63 ਕਰੋੜ



ਵਿਗਿਆਨੀਆਂ ਨੇ ਦੁਨੀਆ ਦੇ ਸਭ ਤੋਂ ਖਤਰਨਾਕ ਡਾਇਨਾਸੌਰ, ਟੀ-ਰੈਕਸ ਦੇ ਜੀਵਾਸ਼ਮ ਤੋਂ ਕੱਢੇ ਗਏ ਕੋਲੇਜਨ ਪ੍ਰੋਟੀਨ ਦੀ ਵਰਤੋਂ ਕਰਕੇ ਇੱਕ ਵਿਲੱਖਣ ਹੈਂਡਬੈਗ ਬਣਾਇਆ ਹੈ। ਇਸ ਹੈਂਡਬੈਗ ਦਾ ਉਦਘਾਟਨ ਵੀਰਵਾਰ ਨੂੰ ਐਮਸਟਰਡਮ ਆਰਟ ਚਿੜੀਆਘਰ ਅਜਾਇਬ ਘਰ ਵਿੱਚ ਕੀਤਾ ਗਿਆ। ਇਹ ਬੈਗ ਹਲਕੇ ਨੀਲੇ-ਹਰੇ ਰੰਗ ਦਾ ਹੈ ਅਤੇ ਇੱਕ ਚੱਟਾਨ 'ਤੇ ਇੱਕ ਪਿੰਜਰੇ ਵਿੱਚ ਰੱਖਿਆ ਗਿਆ ਹੈ, ਜਿਸਦੇ ਉੱਪਰ ਟੀ-ਰੈਕਸ ਦੀ ਪ੍ਰਤੀਕ੍ਰਿਤੀ ਹੈ।



ਇਹ 11 ਮਈ ਤੱਕ ਪ੍ਰਦਰਸ਼ਿਤ ਰਹੇਗਾ, ਜਿਸ ਤੋਂ ਬਾਅਦ ਇਸਨੂੰ ਨਿਲਾਮੀ ਵਿੱਚ ਵੇਚਿਆ ਜਾਵੇਗਾ। ਸ਼ੁਰੂਆਤੀ ਕੀਮਤ ₹4.63 ਕਰੋੜ ਤੋਂ ਵੱਧ ਹੈ। ਇਹ ਪ੍ਰੋਜੈਕਟ ਪ੍ਰਯੋਗਸ਼ਾਲਾ ਵਿੱਚ ਬਣਾਏ ਗਏ ਚਮੜੇ ਦੀ ਵਰਤੋਂ ਨੂੰ ਦਰਸਾਉਣ ਲਈ ਤਿਆਰ ਕੀਤਾ ਗਿਆ ਹੈ। ਵਿਗਿਆਨੀਆਂ ਨੇ ਟੀ-ਰੈਕਸ ਜੀਵਾਸ਼ਮ ਤੋਂ ਬਹੁਤ ਪੁਰਾਣੇ ਪ੍ਰੋਟੀਨ ਦੇ ਛੋਟੇ ਟੁਕੜੇ ਕੱਢੇ। ਜੈਨੇਟਿਕ ਇੰਜੀਨੀਅਰਿੰਗ ਦੀ ਵਰਤੋਂ ਕਰਦੇ ਹੋਏ, ਇਹਨਾਂ ਟੁਕੜਿਆਂ ਨੂੰ ਇੱਕ ਅਣਜਾਣ ਜਾਨਵਰ ਦੇ ਸੈੱਲਾਂ ਵਿੱਚ ਪਾਇਆ ਗਿਆ। ਇਸ ਨਾਲ ਕੋਲੇਜਨ ਪ੍ਰੋਟੀਨ ਬਣਿਆ, ਜਿਸਨੂੰ ਫਿਰ ਚਮੜੇ ਵਿੱਚ ਬਦਲ ਦਿੱਤਾ ਗਿਆ।



ਦ ਆਰਗੇਨੋਇਡ ਕੰਪਨੀ ਦੇ ਸੀਈਓ, ਥਾਮਸ ਮਿਸ਼ੇਲ ਨੇ ਦੱਸਿਆ ਕਿ ਇਸ ਵਿੱਚ ਬਹੁਤ ਸਾਰੀਆਂ ਤਕਨੀਕੀ ਚੁਣੌਤੀਆਂ ਸ਼ਾਮਲ ਸਨ। ਇਸ ਪ੍ਰੋਜੈਕਟ ਦੇ ਪਿੱਛੇ ਤਿੰਨ ਕੰਪਨੀਆਂ ਹਨ: ਔਰਗੈਨੋਇਡ, ਵੀਐਮਐਲ, ਅਤੇ ਲੈਬ-ਗ੍ਰਾਉਂਡ ਲੈਦਰ ਲਿਮਟਿਡ। ਲੈਬ-ਗ੍ਰਾਉਂਡ ਲੈਦਰ ਲਿਮਟਿਡ ਦੇ ਸੀਈਓ ਚੇ ਕੋਨਨ ਨੇ ਕਿਹਾ ਕਿ ਇਹ ਸਿਰਫ਼ ਵਾਤਾਵਰਣ ਅਨੁਕੂਲ ਚਮੜਾ ਹੀ ਨਹੀਂ ਹੈ, ਸਗੋਂ ਇੱਕ ਤਕਨੀਕੀ ਤਰੱਕੀ ਵੀ ਹੈ। 2023 ਵਿੱਚ, ਇਹ ਤਿੰਨੋਂ ਕੰਪਨੀਆਂ ਭੇਡਾਂ ਦੇ ਸੈੱਲਾਂ ਵਿੱਚ ਉੱਨੀ ਵਿਸ਼ਾਲ ਡੀਐਨਏ ਪਾ ਕੇ ਇੱਕ ਵੱਡਾ ਮੀਟਬਾਲ ਬਣਾਇਆ ਸੀ।



ਕੁਝ ਵਿਗਿਆਨੀਆਂ ਨੇ ਇਸ "ਟੀ-ਰੈਕਸ ਚਮੜੇ" ਬਾਰੇ ਸ਼ੱਕ ਪ੍ਰਗਟ ਕੀਤਾ ਹੈ। ਨੀਦਰਲੈਂਡਜ਼ ਦੀ ਇੱਕ ਰੀੜ੍ਹ ਦੀ ਹੱਡੀ ਦੇ ਜੀਵ-ਵਿਗਿਆਨੀ ਮੇਲਾਨੀ ਡੁਰਿੰਗ ਕਹਿੰਦੀ ਹੈ ਕਿ ਡਾਇਨਾਸੋਰ ਦੀਆਂ ਹੱਡੀਆਂ ਵਿੱਚ ਕੋਲੇਜਨ ਸਿਰਫ਼ ਛੋਟੇ ਟੁਕੜਿਆਂ ਦੇ ਰੂਪ ਵਿੱਚ ਬਚਦਾ ਹੈ। ਇਨ੍ਹਾਂ ਟੁਕੜਿਆਂ ਨੂੰ ਅਸਲੀ ਟੀ-ਰੈਕਸ ਚਮੜੀ ਜਾਂ ਚਮੜਾ ਬਣਾਉਣ ਲਈ ਨਹੀਂ ਵਰਤਿਆ ਜਾ ਸਕਦਾ।



ਮੈਰੀਲੈਂਡ ਯੂਨੀਵਰਸਿਟੀ ਦੇ ਇੱਕ ਜੀਵ-ਵਿਗਿਆਨੀ, ਥਾਮਸ ਆਰ. ਹੋਲਟਜ਼ ਜੂਨੀਅਰ, ਇਹ ਵੀ ਦਲੀਲ ਦਿੰਦੇ ਹਨ ਕਿ ਟੀ-ਰੈਕਸ ਜੀਵਾਸ਼ਮ ਵਿੱਚ ਪਾਇਆ ਜਾਣ ਵਾਲਾ ਕੋਲੇਜਨ ਹੱਡੀ ਤੋਂ ਆਉਂਦਾ ਹੈ, ਚਮੜੀ ਤੋਂ ਨਹੀਂ। ਇਸ ਤੋਂ ਇਲਾਵਾ, ਜਦੋਂ ਕਿ ਪ੍ਰੋਟੀਨ ਮੇਲ ਖਾਂਦੇ ਹਨ, ਫਾਈਬਰ ਪ੍ਰਬੰਧ ਜੋ ਚਮੜੇ ਨੂੰ ਮਜ਼ਬੂਤ ਅਤੇ ਵਿਲੱਖਣ ਬਣਾਉਂਦਾ ਹੈ, ਦੀ ਘਾਟ ਹੈ।

ਥਾਮਸ ਮਿਸ਼ੇਲ ਨੇ ਇਹ ਕਹਿ ਕੇ ਜਵਾਬ ਦਿੱਤਾ ਕਿ ਜਦੋਂ ਕੁਝ ਨਵਾਂ ਕਰਨ ਦੀ ਪਹਿਲੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਆਲੋਚਨਾ ਅਟੱਲ ਹੁੰਦੀ ਹੈ। ਉਸਨੇ ਕਿਹਾ ਕਿ ਸਾਨੂੰ ਇਸ ਆਲੋਚਨਾ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਕਿਉਂਕਿ ਇਹ ਵਿਗਿਆਨਕ ਖੋਜ ਦੀ ਨੀਂਹ ਹੈ।

ਫਿਰ ਵੀ, ਉਸਦਾ ਮੰਨਣਾ ਹੈ ਕਿ ਇਹ ਟੀ-ਰੈਕਸ ਵਰਗੀ ਚੀਜ਼ ਬਣਾਉਣ ਲਈ ਹੁਣ ਤੱਕ ਦੀ ਸਭ ਤੋਂ ਨੇੜਲੀ ਕੋਸ਼ਿਸ਼ ਹੈ।



ਇਸ ਵਿਲੱਖਣ ਹੈਂਡਬੈਗ ਨੇ ਦੁਨੀਆ ਭਰ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਪ੍ਰਦਰਸ਼ਨੀ ਤੋਂ ਬਾਅਦ ਨਿਲਾਮੀ ਵਿੱਚ ਇਹ ਕਿੰਨਾ ਕੁ ਪ੍ਰਾਪਤ ਕਰੇਗਾ। ਇਹ ਪ੍ਰੋਜੈਕਟ ਪ੍ਰਯੋਗਸ਼ਾਲਾ ਵਿੱਚ ਉਗਾਈਆਂ ਗਈਆਂ ਸਮੱਗਰੀਆਂ ਦੇ ਭਵਿੱਖ ਲਈ ਇੱਕ ਨਵੀਂ ਦਿਸ਼ਾ ਤਿਆਰ ਕਰ ਸਕਦਾ ਹੈ, ਭਾਵੇਂ ਵਿਗਿਆਨੀ ਅਜੇ ਵੀ ਕੁਝ ਕਮੀਆਂ ਵੱਲ ਇਸ਼ਾਰਾ ਕਰਦੇ ਹਨ।

# ਪੁਸਤਕ ਸਮੀਖਿਆ

## (ਵਿਅੰਗਾਂ ਦਾ ਗੁਲਦਸਤਾ )

**ਪੁਸਤਕ ਦਾ ਨਾਂ- ਬਾਬਿਆਂ ਦੇ ਵੱਗ ਫਿਰਦੇ**
**ਲੇਖਕ ਦਾ ਨਾਂ-ਤਰਲੋਕ ਢਿਲੋਂ**
**ਪਬਲਿਸ਼ਰ- ਟਰੂ ਸਪੈਰੋ ਪਬਲੀਸ਼ਰ, ਪਟਿਆਲਾ ਪੰਨੇ -97 ,**




ਗੁੱਝੀਆਂ ਚੋਭਾਂ ਮਾਰਦੀ ਹਥਲੀ ਪੁਸਤਕ, ਤਰਲੋਕ ਢਿਲੋਂ ਦਾ ਦੂਜਾ ਵਿਅੰਗ ਸੰਗ੍ਰਹਿ ਹੈ।ਉਂਝ ਉਸਨੇ ਵੱਖ ਵੱਖ ਵੰਨਗੀਆਂ ਵਾਲੇ ਕਾਵਿ ਸੰਗ੍ਰਹਿ, ਇਕਾਂਗੀ/ ਨਾਟਕਾਂ ਦੀਆਂ ਪੁਸਤਕਾਂ ਵੀ ਮਾਂ ਬੋਲੀ ਦੀ ਝੋਲੀ ਵਿੱਚ ਪਾਈਆਂ ਨੇ, ਜਿੰਨ੍ਹਾਂ 'ਚੋਂ ਦੋ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ ਹੈ। ਨੌ ਸਾਂਝੇ ਕਾਵਿ ਸੰਗ੍ਰਹਿ ,ਕਹਾਣੀ ਸੰਗ੍ਰਹਿਆਂ ਵਿੱਚ ਸ਼ਮੂਲੀਅਤ ਵੀ ਕੀਤੀ ਹੈ। ਵਿਅੰਗਾਂ ਦੇ ਇਸ ਗੁਲਦਸਤੇ ਵਿੱਚ ਸ਼ਾਇਰ ਨੇ ਮੌਜੂਦਾ ਸਮੇਂ ਵਿੱਚ ਸਮਾਜ ਦੇ ਵਰਤਾਰੇ ਨੂੰ ਆਪਣੀ ਦੀਰਘ ਦ੍ਰਿਸ਼ਟੀ ਨਾਲ ਦੇਖ ਕੇ ਬੜੀ ਖੂਬਸੂਰਤੀ ਨਾਲ ਉਸਦਾ ਪੋਸਟਮਾਰਟਮ ਕੀਤਾ ਹੈ। ਸਮਾਜ ਦੇ ਹਰ ਖੇਤਰ ਤੇ ਕਲਮ ਅਜਮਾਈ ਕੀਤੀ ਗਈ ਹੈ ਤੇ ਇਸ ਦੀਆਂ ਪਰਤਾਂ ਪੂਰੀ ਤਰ੍ਹਾਂ ਖੋਲ੍ਹ ਕੇ ਪਾਠਕਾਂ ਅੱਗੇ ਪਰੋਸੀਆਂ ਗਈਆਂ ਹਨ।ਆਮ ਵਿਸ਼ਿਆਂ ਨੂੰ ਚੁਣ ਕੇ ਉਹਨਾਂ ਰਾਹੀਂ ਸਮਾਜ ਦੀਆਂ ਕਮਜ਼ੋਰੀਆਂ ਨੂੰ ਬਹੁਤ ਹੀ ਸੌਖੀ ਭਾਸ਼ਾ ਵਿੱਚ ਮਜ਼ਾਕੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਜਿੱਥੇ ਇਹਨਾਂ ਰਚਨਾਵਾਂ ਨੂੰ ਪੜ੍ਹ ਕੇ ਹਾਸਾ ਆਉਂਦਾ ਹੈ ਉੱਥੇ ਇਨ੍ਹਾਂ ਰਾਹੀਂ ਸਾਡੀ ਕਮਜ਼ੋਰੀ ਨੂੰ ਵੀ ਬੜੇ ਕਲਾਮਈ ਢੰਗ ਨਾਲ ਪੇਸ਼ ਕੀਤਾ ਪੇਸ਼ ਕਰਕੇ ਸਮਾਜ ਦੇ ਕੋਹੜ ਨੂੰ ਬੇਪਰਦ ਕੀਤਾ ਗਿਆ ਹੈ, ਜਿਵੇਂ ਕਿ ਫਾਲਤੂ ਤੇ ਬੇ -ਮਤਲਬ ਗੱਲਾਂ ਮਾਰ ਮਾਰ ਕੇ ਸਮਾਂ ਨਸ਼ਟ ਕਰਨਾ,ਨਾਲ ਸੁਝਾਅ ਵੀ ਦਿੱਤਾ ਹੈ ਕਿ ਹਰ ਗੱਲ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਸਰੀਰਕ ਫਿਟਨਸ ਦੀ ਜਰੂਰਤ 'ਤੇ ਵੀ ਜੋਰ ਦਿੱਤਾ ਹੈ,ਕਿਉਂਕਿ ਢਿੱਡਲ ਪੁਲਸੀਏ ਕੋਲੋਂ ਤਾਂ ਮੁਜਰਮ ਵੀ ਭੱਜ ਜਾਂਦਾ ਹੈ ਤੇ ਪੁਲਿਸ ਵਾਲੇ ਤੋਂ ਭੱਜਿਆ ਹੀ ਨਹੀਂ ਜਾਂਦਾ।ਸਮਾਜਿਕ ਭਰਿਸ਼ਟਾਚਾਰ, ਮੁਰਦਿਆਂ ਦੀ ਪੂਜਾ, ਬਜ਼ੁਰਗਾਂ ਦਾ ਨਿਰਾਦਰ, ਜਿੱਥੇ ਸ਼ਾਇਰ ਨੇ, ਲੋਕਾਂ ਨੂੰ ਗੁਮਰਾਹ ਕਰਕੇ ਭੋਲੀ ਭਾਲੀ ਜਨਤਾ ਨੂੰ ਲੁੱਟਣ ਵਾਲੇ ਬਾਬਿਆਂ ਨੂੰ ਚੰਗੇ ਰਗੜੇ ਲਾਏ ਨੇ, ਉੱਥੇ ਵਿਦੇਸ਼ੀ ਨੇਤਾਵਾਂ , ਰਾਸ਼ਟਰਪਤੀ ਤੱਕ ਦੇ ਅਹੁਦਿਆਂ ਤੋਂ ਸੇਵਾ ਮੁਕਤੀ ਮਗਰੋਂ ਪਰਿਵਾਰ ਨੂੰ ਚਲਾਉਣ ਲਈ ਉਨ੍ਹਾਂ ਵੱਲੋਂ ਮਿਹਨਤ ਕੀਤੇ ਜਾਣ ਦੀ ਉਦਾਹਰਣ ਵੀ ਦਿੱਤੀ ਹੈ। ਅਜਿਹਾ ਕਲਚਰ ਸਾਡੇ ਵਿੱਚ ਨਹੀਂ ਹੈ। ਲੇਖਕ ਦੁਖੀ ਹੈ ਇਹ ਵਿਚਾਰ ਕੇ ਕਿ ਸਾਡਾ ਸੱਭਿਆਚਾਰ ਕਿੱਧਰ ਨੂੰ ਜਾ ਰਿਹਾ ਹੈ?ਸਾਦਾਪਣ ਛੱਡ ਕੇ ਅਸੀਂ ਦਿਖਾਵੇ ਦੀ ਦੁਨੀਆ ਦਾ ਸ਼ਿਕਾਰ ਹੋਈ ਜਾ ਰਹੇ ਹਾਂ ਭਾਵੇਂ ਘਰ ਦਾ ਦਿਵਾਲਾ ਹੀ ਕਿਉਂ ਨਾ ਨਿਕਲ ਜਾਵੇ।ਬਿਨਾਂ ਚਾਦਰ ਦੇਖੇ ਪੈਰ ਪਸਾਰਨੇ ਆਦਿ ।ਰਿਟਾਇਰੀ ਲੋਕ ਆਪਣੀ ਪਿਛਲੀ ਜਿੰਦਗੀ ਨੂੰ ਤਰਸਦੇ ਡੰਗ ਟਪਾਈ ਕਰਦੇ ਹਨ ,ਜ਼ਿੰਮੇਵਾਰੀਆਂ ਵਧ ਜਾਂਦੀਆਂ ਨੇ ਤੇ ਇੱਜਤ ਘਟ ਜਾਂਦੀ ਹੈ, ਪਰ ਇਸ ਦੇ ਬਾਵਜੂਦ ਵੀ ਸ਼ਾਇਰ ਨੇ ਖੁਸ਼ ਰਹਿਣ ਦਾ ਸੰਦੇਸ਼ ਦਿੱਤਾ ਹੈ ਤੇ ਜ਼ਿੰਦਗੀ ਜਿਉਣ ਦੇ ਕੁਝ ਨੁਸਖੇ ਵੀ ਬਿਆਨੇ ਹਨ। ਲੇਖਕ ਦਾ ਵਿਚਾਰ ਹੈ ਕਿ ਬੰਦੇ ਦੇ ਵਿਚਾਰ ਬੁੱਢੇ ਨਹੀਂ ਹੋਣੇ ਚਾਹੀਦੇ ਇਸ ਤਰ੍ਹਾਂ ਇਨਸਾਨ ਸਦਾ ਜਵਾਨ ਰਹਿੰਦਾ ਹੈ।ਅਜੋਕੇ ਸਮਾਜ ਦੀ ਤਰਾਸਦੀ ਇਹ ਹੀ ਹੈ ਕਿ ਸਾਨੂੰ ਵਿਦੇਸ਼ੀਂ ਭੱਜਣ ਦੀ ਬਹੁਤ ਹੋੜ ਲੱਗੀ ਹੋਈ ਹੈ ਜਿਸ ਲਈ ਇਨਸਾਨ ਹਰ ਹੀਲਾ ਵਰਤਦਾ ਹੈ ।ਅੱਜ ਕੱਲ੍ਹ ਲੋਕਾਂ ਵਿੱਚ ਪੜ੍ਹੀਆਂ ਲਿਖੀਆਂ ਲੜਕੀਆਂ ਖਾਸ ਕਰ ਆਈਲੈਟਸ ਬੈਂਡ ਵਾਲੀਆਂ ਲੜਕੀਆਂ ਦੀ ਜਿਆਦਾ ਪੁੱਛ ਹੈ, ਆਈਲੈਟਸ ਵਾਲੀ ਲੜਕੀ ਨਾਲ ਆਪਣੇ ਘੱਟ ਪੜ੍ਹੇ ਲਿਖੇ ਲੜਕੇ ਦਾ ਰਿਸ਼ਤਾ ਕਰਕੇ ਤੇ ਲੜਕੀ 'ਤੇ 30 -35 ਲੱਖ ਰੁਪਿਆ ਖਰਚ ਕੇ ਉਸ ਨੂੰ ਉਹ ਇਸ ਉਮੀਦ ਨਾਲ ਵਿਦੇਸ਼ ਭੇਜ ਦਿੰਦੇ ਹਨ ਕਿ ਇਸ ਦੇ ਨਾਲ ਸਾਡਾ ਲੜਕਾ ਤੇ ਫਿਰ ਸਾਰਾ ਪਰਿਵਾਰ ਕਨੇਡਾ ਦੀਆਂ ਸੜਕਾਂ 'ਤੇ ਭੰਗੜੇ ਪਾਵੇਗਾ ।ਪ੍ਰੰਤੂ ਵਿਦੇਸ਼ ਗਈ ਲੜਕੀ ਨੂੰ ਵਿਦੇਸ਼ੀ ਹਵਾ ਦਾ ਭੂਤ ਚਿੰਬੜ ਜਾਂਦਾ ਹੈ ਜੋ ਜਾਂਦੀ ਹੀ ਅੱਖਾਂ ਫੇਰ ਜਾਂਦੀ ਹੈ। ਕੀਤਾ ਖਰਚਾ ਖੂਹ ਵਿੱਚ ਪੈ ਜਾਂਦਾ ਹੈ। ਲੜਕੇ ਵਾਲੇ ਵਿਚਾਰੇ ਹੱਥ ਮਲਦੇ ਰਹਿ ਜਾਂਦੇ ਨੇ ।ਵਹਿਮਾਂ ਭਰਮਾਂ ਤੇ ਮਹੂਰਤਾਂ ਆਦਿ ਨੂੰ ਕਰਾਰੇ ਹੱਥੀਂ ਲੈਂਦਿਆਂ ਲੇਖਕ ਨੇ ਸੁਚੇਤ ਕੀਤਾ ਹੈ ਕਿ ਤਰ੍ਹਾਂ -ਤਰ੍ਹਾਂ ਦੇ ਵਹਿਮਾਂ ਭਰਮਾਂ ਵਿੱਚ ਪੈ ਕੇ ਅਸੀਂ ਆਪਣਾ ਦਿਵਾਲਾ ਤੱਕ ਕਢਵਾ ਲੈਂਦੇ ਹਾਂ ।ਮਹੂਰਤਾਂ ਦੇ ਭੁਲੇਖੇ ਤੋਂ ਪਰਦਾ ਉਠਾਉਂਦਿਆਂ ਉਹਨਾਂ ਕਿਹਾ ਕਿ ਜਨਮ- ਮਰਨ ਵੇਲੇ ਕਿਹੜੀ ਮਹੂਰਤ ਨਿਕਲੀ ਸੀ ਜਾਂ ਕਿਹੜਾ ਚੰਗਾ ਜਾਂ ਸ਼ੁਭ ਦਿਨ ਉਡੀਕਿਆ ਸੀ? ਲੇਖਕ ਦਾ ਕਹਿਣਾ ਹੈ ਕਿ ਜੇ ਚੰਗੀ ਜ਼ਿੰਦਗੀ ਬਸਰ ਕਰਨੀ ਹੈ/ ਜਿਉਣੀ ਹੈ ਤਾਂ ਟੈਨਸ਼ਨ ਤੋਂ ਪਾਸਾ ਵੱਟਣਾ ਪਵੇਗਾ, ਮੁਸ਼ਕਲਾਂ ਦਾ ਡਟ ਕੇ ਸਾਹਮਣਾ ਕਰਨਾ ਪਵੇਗਾ ਕਿਉਂਕਿ "ਜੀਵਨ ਦੀ ਹਰ ਮੁਸ਼ਕਿਲ ਟਰੈਫਿਕ ਦੀ ਲਾਲ ਬੱਤੀ ਵਰਗੀ ਹੁੰਦੀ ਹੈ, ਥੋੜਾ ਚਿਰ ਇੰਤਜ਼ਾਰ ਜਾਂ ਸਬਰ ਕਰ ਲਿਆ ਜਾਵੇ ਤਾਂ ਫਿਰ ਹਰੀ ਹੋ ਜਾਵੇਗੀ।" ਤਰਲੋਕ ਢਿੱਲੋਂ ਦੀ ਇਹ ਪੁਸਤਕ ਜੀਵਨ ਲਈ ਇਕ ਟੌਨਿਕ ਦਾ ਕੰਮ ਕਰਦੀ ਹੈ। ਸਮਾਜ ਦੀਆਂ ਪਰਤਾਂ ਫਰੋਲਦੀ ਉਹ ਵੀ ਮਜ਼ਾਕੀਆ ਤਰੀਕੇ ਨਾਲ, ਹੈਰਾਨੀ ਖੁਸ਼ੀ ਅਤੇ ਚੇਤਨਾ ਜਗਾਉਣ ਵਾਲੀ ਇਹ ਪੁਸਤਕ ਮਨ ਦੀ ਖੁਰਾਕ ਦਾ ਕੰਮ ਕਰਦੀ ਹੈ। ਇਹੀ ਕਾਰਨ ਹੈ ਕਿ ਗੰਭੀਰ ਬਿਮਾਰੀ ਨਾਲ ਪੀੜਤ ਹੋਣ ਦੇ ਬਾਵਜੂਦ ਤਰਲੋਕ ਢਿੱਲੋਂ ਸਾਹਿਤਕ ਖੇਤਰ ਵਿੱਚ ਬੇ -ਪ੍ਰਵਾਹੀਆਂ ਦੇ ਬੀਜ ਬੀਜਦਾ, ਨਿਡਰਤਾ ਦਾ ਹੋਕਾ ਦਿੰਦਾ, ਚੇਤਨਤਾ ਤੇ ਨਰੋਏ ਵਿਚਾਰਾਂ ਦੀ ਨਰੋਈ ਫਸਲ ਉਗਾ ਰਿਹਾ ਹੈ ।ਇਸ ਨੂੰ ਲੱਗੀ ਘਾਤਕ ਬਿਮਾਰੀ ਦਾ ਮੁਕਾਬਲਾ ਕਰਨ ਦਾ ਬਲ ਬਖਸ਼ ਰਹੀ ਹੈ ਇਹ ਪੁਸਤਕ। ਇਸ ਪੁਸਤਕ ਵਿੱਚ ਮਜ਼ਾਕੀਆ ਲਹਿਜੇ ਵਿੱਚ ਸਚਾਈ ਪੇਸ਼ ਕਰਦਿਆਂ ਗੁਣਵਾਨ ਗੱਲਾਂ ਕਹੀਆਂ ਗਈਆਂ ਨੇ ਚਾਚਾ ਘੁਣਤਰੀ ਦੇ ਮੂੰਹੋਂ ਕਹਾਈਆਂ ਗਈਆਂ ਗਲਾਂ ਵੀ ਸਿੱਖਿਆਦਾਇਕ ਸੁਨੇਹਾ ਦਿੰਦੀਆਂ ਹਨ। ਇਹ ਪੁਸਤਕ ਪਾਠਕ ਨੂੰ ਸਮਾਜ ਵਿੱਚ ਵਾਪਰ ਰਹੇ ਵਰਤਾਰੇ ਬਾਰੇ ਸੁਚੇਤ ਕਰਦੀ ਹੈ ਤੇ ਪੜ੍ਹਨ ਯੋਗ ਪੁਸਤਕ ਹੈ। ਲੇਖਕ ਨੂੰ ਹਾਰਦਿਕ ਮੁਬਾਰਕਬਾਦ ਦਿੰਦਾ ਹੋਇਆ ਉਮੀਦ ਕਰਦਾ ਹਾਂ ਕਿ ਲੇਖਕ ਆਪਣੀ ਕਲਮ ਦਾ ਪਰਵਾਹ ਜਾਰੀ ਰਖਦਾ ਹੋਇਆ ਇਸੇ ਤਰ੍ਹਾਂ ਦੀ ਚੇਤਨਤਾ ਭਰਪੂਰ ਅਗਲੀ ਪੁਸਤਕ ਲੈ ਕੇ ਜਲਦੀ ਹੀ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋਵੇਗਾ।

**ਆਮੀਨ**

**ਹਰੀ ਸਿੰਘ "ਚਮਕ"**
**ਮੋ: 9317831521**

# ਸੋਲੋ ਤੇ ਦੋਗਾਣਾ ਗਾਇਕੀ ਦੀਆਂ ਸੰਦਲੀ ਪੈੜਾਂ

## ਸਾਜਨ ਧਾਲੀਵਾਲ ਤੇ ਰੀਨਾ ਨਾਫ਼ਰੀ



ਕੁਝ ਲੋਕ ਨੋਟਾਂ ਦੀ ਭੀੜ ਵਿੱਚ ਆਪਣੀ ਪਛਾਣ ਗੁਆ ਬੈਠਦੇ ਹਨ। ਬਹੁਤ ਸਾਰੇ ਲੋਕ ਹਨ ਜੋ ਦੁਨੀਆਂ ਵਿੱਚ ਆਪਣੀ ਕਲਾ ਰੂਪੀ ਹੁਨਰ ਨਾਲ ਆਪਣੀ ਪਛਾਣ ਆਪ ਬਣਦੇ ਹਨ। ਇਨ੍ਹਾਂ 'ਚ ਇੱਕ ਨਾਮ ਹੈ ਸੰਗੀਤਕਾਰ ਲਾਲ-ਕਮਲ। ਸੰਗੀਤਕਾਰ ਲਾਲ-ਕਮਲ ਹੋਰਾਂ ਦੀ ਸੰਘਰਸ਼ ਭਰੀ ਜ਼ਿੰਦਗੀ ਬਾਰੇ ਵਿਸਥਾਰ ਵਿੱਚ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਸੰਗੀਤ ਦੀਆਂ ਸੁਰਾਂ ਤਾਂ ਲਾਲ-ਕਮਲ ਦਾ ਨਾਮ ਲੈਣ ਨਾਲ ਹੀ ਗੂੰਜ ਉੱਠਦੀਆਂ ਹਨ। ਸੰਗੀਤ ਦਾ ਉਹ ਛਮ-ਛਮ ਕਰਕੇ ਵਗਦਾ ਦਰਿਆ ਹੈ।

ਤਵਿਆਂ ਵਾਲੇ ਯੁੱਗ ਤੋਂ ਯੂਟਿਯੂਬ ਤੱਕ ਉਨ੍ਹਾਂ ਦਾ ਸੰਗੀਤ ਨਾਲ ਸਾਢੇ ਤਿੰਨ ਕੁ ਦਹਾਕਿਆਂ ਤੋਂ ਗੂੜਾ ਰਿਸ਼ਤਾ ਹੈ। ਗੀਤ,ਸੰਗੀਤ ਦੇ ਖੇਤਰ ਵਿੱਚ ਵਿਰਾਸਤ ਨੂੰ ਕਾਇਮ ਰੱਖਦੇ ਹੋਏ ਉਨ੍ਹਾਂ ਦੇ ਲਾਡਲੇ ਬੇਟੇ ਅਕਸ਼ ਧਾਲੀਵਾਲ,ਸਾਜਨ ਧਾਲੀਵਾਲ ਤੇ ਨੂੰਹ ਰੀਨਾ ਨਾਫ਼ਰੀ ਦਾ ਸੰਗੀਤ ਦੇ ਖੇਤਰ ਵਿੱਚ ਵੱਖਰਾ ਹੈ। ਰੂ-ਬ-ਰੂ ਕਰਵਾਉਂਦੇ ਹਾ ਸਾਜਨ ਧਾਲੀਵਾਲ ਤੇ ਰੀਨਾ ਨਾਫ਼ਰੀ ਬਾਰੇ। ਸੋਲੋ ਤੇ ਦੋਗਾਣਾ ਗਾਇਕੀ ਦੇ ਖੇਤਰ ਵਿੱਚ ਸੰਦਲੀ ਪੈੜਾਂ ਵਰਗਾ ਨਾਮ ਹੈ ਸਾਜਨ ਧਾਲੀਵਾਲ ਤੇ ਰੀਨਾ ਨਾਫ਼ਰੀ ਦਾ। ਸੰਗੀਤ ਦੇ ਖੇਤਰ ਵਿੱਚ ਗਾਇਕਾ ਰੀਨਾ ਨਾਫ਼ਰੀ ਪੀ.ਟੀ.ਸੀ. ਦੇ ਵਾਈਸ਼ ਆਫ਼ ਪੰਜਾਬ ਸੀਜ਼ਨ 9 ਦੇ ਲੋਕਪ੍ਰਿਯਾ ਪ੍ਰੋਗਰਾਮ ਫਾਈਨਲ ਲਿਸਟ ਆਪਣਾ ਨਾਮ ਦਰਜ਼ ਕਰਵਾਕੇ ਐਂਟਰ ਹੋਈ ਹੈ। ਪੀਟੀਸੀ ਰਿਕਾਰਡਜ਼ ਵਲੋਂ ਉਸ ਦੀ ਆਵਾਜ਼ 'ਚ ਗੀਤ 'ਹੋਰ ਲੱਭ ਲੈ' ਨੂੰ ਵੀ ਰਿਕਾਰਡ ਕੀਤਾ ਹੈ। ਗੀਤ,ਸੰਗੀਤ ਦੇ ਖੇਤਰ ਵਿੱਚ ਇਨ੍ਹਾਂ ਨੇ ਹਮੇਸ਼ਾਂ ਹੀ ਦਿਲਾਂ ਨੂੰ ਛੂਹ ਜਾਣ ਵਾਲੇ ਗੀਤ ਹੀ ਸਰੋਤਿਆਂ ਦੀ ਝੋਲੀ ਪਾਏ ਹਨ। ਇਨ੍ਹਾਂ ਦੇ ਸੋਲੋ ਗੀਤਾਂ ਵਿੱਚ 'ਪਲ ਗੁਜ਼ਾਰਾ','ਚੋਰਨੀ','ਬੇਵਫਾ', ਪੱਟ ਸੁੱਟਿਆ','ਹੈਪੀ ਬ੍ਰਡੇ',ਆਦਿ ਤੋਂ ਇਲਾਵਾ ਦੋਗਾਣੇ 'ਸਾਗਰਾਂ ਦਾ ਪਾਣੀ','ਤੇਰੀ ਮੇਰੀ ਜੋੜੀ','ਹੁਕਮ ਦਾ ਯੱਕਾ','ਜੁਗਨੀ',ਆਦਿ ਗੀਤਾਂ ਨੂੰ ਦਰਸ਼ਕਾਂ-ਸਰੋਤਿਆਂ ਦੇ ਸਨਮੁੱਖ ਕੀਤਾ ਹੈ। ਸਾਜਨ ਧਾਲੀਵਾਲ ਤੇ ਰੀਨਾ ਨਾਫ਼ਰੀ ਵਲੋਂ ਸਰਧਾ ਦੇ ਸਾਗਰ ਨੂੰ ਨਤਮਸਤਕ ਹੁੰਦੇ ਹੋਏ ਧਾਰਮਿਕ ਗੀਤ 'ਮੇਰਾ ਨਾਨਕ','ਦਾਤਿਆ ਮਿਹਰ ਕਰੀਂ','ਠੰਡੀਏ ਹਵਾਏ','ਬੱਚੇ ਰੂਪ ਨੇ ਖੁੱਦਾ ਦੇ',ਰਿਲੀਜ਼ ਕਰਵਾਏ ਹਨ। ਹਾਲ ਹੀ 'ਚ ਸਾਜਨ ਧਾਲੀਵਾਨ ਤੇ ਰੀਨਾ ਨਾਫ਼ਰੀ ਆਪਣੇ ਦੋਗਾਣੇ ਗੀਤ 'ਕਰੋੜਪਤੀ' ਦੀ ਸਫਲਤਾਂ ਨਾਲ ਸੰਗੀਤ ਜਗਤ ਵਿੱਚ ਖੂਬ ਚਰਚਾ 'ਚ ਹਨ। ਗੀਤ,ਸੰਗੀਤ ਦਾ ਜਾਦੂ ਸੰਗੀਤ ਪ੍ਰੇਮਿਆਂ ਦੇ ਦਿਲਾਂ ਨੂੰ ਛੂਹਦਾ ਪ੍ਰਤੀਤ ਹੁੰਦਾ ਹੈ।

**ਕਾਲਾ ਸਿੰਘ ਸੈਣੀ**
**,99882-80386**

# ਆਤਮ ਹੱਤਿਆ ਕਰਨਾ ਕਿਸੇ ਵੀ ਬਿਮਾਰੀ ਦਾ ਇਲਾਜ਼ ਨਹੀਂ



ਆਤਮ ਹੱਤਿਆ ਕਰਨਾ ਕਿਸੇ ਵੀ ਬਿਮਾਰੀ ਦਾ ਇਲਾਜ਼ ਨਹੀਂ ,ਸਮਾਜ਼ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਹੈ ਲੋੜ | ਸ਼ਾਇਦ ਕੋਈ ਹੀ ਇਹੋ ਜਿਹਾ ਦਿਨ ਲੰਘਦਾ ਹੋਵੇ |ਜਿਸ ਦਿਨ ਕੋਈ ਆਤਮ ਹੱਤਿਆ ਦੀ ਖ਼ਬਰ ਪੜ੍ਹਨ ਸੁਣਨ ਨਾ ਮਿਲੇ |ਹੁਣ ਲੋਕਾਂ ਨੇ ਆਤਮ ਹੱਤਿਆ ਕਰਨ ਦਾ ਇੱਕ ਰਿਵਾਜ਼ ਹੀ ਬਣਾ ਲਿਆ ਹੈ ।ਗਰੀਬ ਵੀ ਆਤਮ ਹੱਤਿਆ ਕਰ ਰਿਹਾ ਹੈ |ਅਮੀਰ ਵੀ ਆਤਮ ਹੱਤਿਆ ਕਰ ਰਿਹਾ ਹੈ |ਮੁਲਜ਼ਮ ਵੀ ਤੇ ਮੁਲਾਜ਼ਮ ਵੀ |ਇਹ ਗੱਲ ਸਮਝ ਤੋਂ ਬਾਹਰ ਹੁੰਦੀ ਜਾ ਰਹੀ ਹੈ |ਕਿਸੇ ਨੂੰ ਘਰ ਦੀ ਪਰੇਸ਼ਾਨੀ , ਤੇ ਕਿਸੇ ਨੂੰ ਸਰਕਾਰੀ ਮਹਿਕਮੇ ਤੋਂ ਪ੍ਰੇਸ਼ਾਨੀ |ਕਿਸੇ ਨੂੰ ਨਸ਼ੇ ਰੋਕਣ ਤੇ ਪ੍ਰੇਸ਼ਾਨੀ ਤੇ ਕਿਸੇ ਨੂੰ ਪੈਸੇ ਤੋਂ ਪ੍ਰੇਸ਼ਾਨੀ |ਇਹਨਾਂ ਸਾਰਿਆਂ ਤੋਂ ਮੁਕਤ ਹੋਣ ਲਈ ਆਤਮ ਹੱਤਿਆ ਦੇ ਰਾਹ ਤੁਰ ਪੈਣਾ ,ਕਿਹੜੀ ਬਹਾਦਰੀ ਦਾ ਕੰਮ ਹੈ |ਲੋਕਾਂ ਨੇ ਇਹ ਸੌਖਾ ਹੀ ਤਰੀਕਾ ਲੱਭ ਲਿਆ ਹੈ |ਆਪਣੀ ਆਤਮ ਹੱਤਿਆ ਕਰ ਲੈਣੀ ।ਆਤਮ ਹੱਤਿਆ ਕਰਨਾ ਕੋਈ ਚੰਗੀ ਗੱਲ ਨਹੀਂ ।ਜਿਹੜਾ ਇਨਸਾਨ ਆਤਮ ਹੱਤਿਆ ਕਰ ਲੈਂਦਾ ਹੈ |ਉਸ ਨੂੰ ਪੁੱਛਣ ਵਾਲਾ ਕੋਈ ਹੋਵੇ ਕਿ ਤੇਰੇ ਹੁੰਦਿਆਂ ਪਰਿਵਾਰ ਨੂੰ ਕਿੰਨੀਆਂ ਮੁਸ਼ਕਲਾਂ ਵਿੱਚੋ ਲੰਘਣਾ ਪੈਂਦਾ ਸੀ |ਫਿਰ ਤੇਰੇ ਜਾਣ ਤੋਂ ਬਾਅਦ ਤੇਰੇ ਪਰਿਵਾਰ ਦਾ ਕੀ ਬਣੇਗਾ ।ਇੱਕ ਵਾਰ ਆਪਣੀ ਜੀਵਨ ਲੀਲ੍ਹਾ ਖਤਮ ਕਰਨ ਤੋਂ ਪਹਿਲਾਂ ਇਹ ਵੀ ਸੋਚਣਾ ਬਣਦਾ ਹੈ |ਆਤਮ ਹੱਤਿਆ ਕਰਨਾ ਬੁਝਦਿਲ ਇਨਸਾਨ ਦਾ ਕੰਮ ਹੈ ।ਆਤਮ ਹੱਤਿਆ ਕਰਨ ਨਾਲ ਕੋਈ ਮਸਲਾ ਹੱਲ ਨਹੀਂ ਹੁੰਦਾ ।ਸਗੋਂ ਪਰੇਸ਼ਾਨੀਆਂ ਹੋਰ ਜ਼ਿਆਦਾ ਵੱਧ ਜਾਂਦੀਆਂ ਹਨ |ਅੱਜ ਕੱਲ ਤਾਂ ਬਹੁਤ ਜਿਆਦਾ ਕਾਨੂੰਨ ਬਣੇ ਹੋਏ ਹਨ ਜੇ ਕੋਈ ਕਿਸੇ ਦੇ ਨਾਲ ਵਧੀਕੀ ਕਰਦਾ ਹੈ |ਤਾਂ ਉਹ ਕਾਨੂੰਨ ਦਾ ਸਹਾਰਾ ਲੈ ਕੇ ਆਪਣਾ ਮਸਲਾ ਹੱਲ ਕਰ ਸਕਦਾ ਹੈ ।ਪਰ ਜੋ ਇੱਕ ਸਾਡੇ ਸਾਹਮਣੇ ਤਸਵੀਰ ਨਜ਼ਰ ਆ ਰਹੀ ਹੈ ।ਕਿ ਫਲਾਣੇ ਨੇ ਫਲਾਣੇ ਦਾ ਕੰਮ ਨਹੀਂ ਕੀਤਾ |ਫਲਾਣੇ ਨੇ ਮੇਰੀ ਬੇਇੱਜਤੀ ਕੀਤੀ ਹੈ ਉਸ ਦੇ ਬਦਲੇ ਮੈਂ ਆਪਣੀ ਆਤਮਹਤਿਆ ਕਰ ਰਿਹਾ ਹਾਂ ।ਇਹਨੇ ਇੰਜ ਨਹੀਂ ਕੀਤਾ ਮੈਂ ਇਸ ਕਰਕੇ ,ਉਸਨੇ ਇੰਜ ਨਹੀਂ ਕੀਤਾ ਇਸ ਕਰਕੇ ਮੈ ਆਤਮ ਹੱਤਿਆ ਕਰ ਰਿਹਾ ਹਾਂ | ਇਹ ਸਭ ਫਜ਼ੂਲ ਦੀਆਂ ਗੱਲਾਂ ਹਨ । ਇਨਸਾਨ ਕੋਈ ਵੀ ਕਮਲਾ ਨਹੀਂ ਹੁੰਦਾ ,ਅੱਗ ਤੇ ਮੌਤ ਤੋਂ ਸਭ ਨੂੰ ਡਰ ਲਗਦਾ ਹੈ |ਕੁੱਝ ਕੁ ਗੱਲਾਂ ਤਾਂ ਅਜਿਹੀਆਂ ਹੁੰਦੀਆਂ ਨੇ ਜਿਸ ਕਰਕੇ ਅੱਡੀਆਂ ਚੁੱਕ ਕੇ ਫਾਹ ਲੈਂਦੇ ਹਨ |ਆਪਣੇ ਵਜੂਦ ਤੋਂ ਜਿਆਦਾ ਖਰਚ ਕਰ ਲੈਂਦੇ ਨੇ |ਜਦੋਂ ਖਰਚਾ ਪੂਰਾ ਨਹੀਂ ਹੁੰਦਾ|ਉਹ ਫਿਰ ਆਤਮ ਹੱਤਿਆ ਦਾ ਰਾਹ ਫੜ ਲੈਂਦੇ ਨੇ |ਆਤਮ ਹੱਤਿਆ ਕਰਕੇ ਅੱਜ ਤੱਕ ਤਾਂ ਕਿਸੇ ਦਾ ਕੋਈ ਮਸਲਾ ਹੱਲ ਨਹੀਂ ਹੋਇਆ |ਆਤਮ ਹੱਤਿਆ ਕਰਨ ਵਾਲੇ ਪਰਿਵਾਰ ਨੂੰ ਕੋਈ ਚੰਗਾ ਨਹੀਂ ਸਮਝਦਾ |ਉਸਦੇ ਅੱਗੇ ਬੱਚਿਆਂ ਦੇ ਨਾਲ ਕੋਈ ਰਿਸ਼ਤੇਦਾਰੀ ਪਾਉਣ ਦੀ ਹਿੰਮਤ ਵੀ ਨਹੀਂ ਰੱਖਦਾ ||ਅੱਜ ਅਸੀਂ ਉਸ ਸਮੇਂ ਵਿੱਚੋਂ ਲੰਘ ਰਹੇ |ਜਿਹੜਾ ਕਿ ਸਮਾਂ ਬਹੁਤ ਹੀ ਜਾਗਰੂਕ ਹੈ |ਲੋਕਾਂ ਨੇ ਚੰਦ ਤੇ ਆਪਣੇ ਘਰ ਪਾ ਲਏ ਨੇ |ਸਾਰੇ ਬ੍ਰਹਮੰਡ ਨੂੰ ਆਪਣੀ ਮੁੱਠੀ ਵਿੱਚ ਬੰਦ ਕਰ ਲਿਆ ਹੈ |ਫਿਰ ਵੀ ਸਾਡੀ ਸੋਚ ਬਿਨਾਂ ਕਿਸੇ ਮਤਲਬ ਤੋਂ ਮੌਤ ਨੂੰ ਕਿਉਂ ਗਲੇ ਲਗਾ ਰਹੀ ਹੈ |ਮੰਨ ਵੀ ਲਉ ਕਿ ਕਿਸੇ ਸਮੇ ਪ੍ਰੇਸ਼ਾਨੀ ਆਉਂਦੀ ਵੀ ਹੈ | ਉਹ ਕਿਸੇ ਪਰਿਵਾਰ ਦੇ ਮੈਂਬਰ ਨਾਲ ਸਲਾਹ ਮਸ਼ਵਰਾ ਕਰ ਲਉ |ਕਿਸੇ ਰਿਸ਼ਤੇਦਾਰ ਸਾਕ ਸਬੰਧੀ ਨੂੰ ਜ਼ਰੂਰ ਦਸੋ |ਤੁਹਾਡੀ ਮੁਸ਼ਕਲ ਦਾ ਜ਼ਰੂਰ ਕੋਈ ਹੱਲ ਲੱਭ ਜਾਵੇਂਗਾ |ਕੋਈ ਵੀ ਪਰੇਸ਼ਾਨੀ ਹੁੰਦੀ ਹੈ ਉਹ ਮਸਲਾ ਗੱਲਾਂ ਬਾਤਾਂ ਰਾਹੀਂ ਹੱਲ ਹੋ ਹੀ ਜਾਂਦਾ ਹੈ |ਜਾਂ ਫਿਰ ਇੱਕ ਦੂਜੇ ਨੂੰ ਦੱਸ ਕੇ ਹੱਲ ਕੀਤਾ ਜਾ ਸਕਦਾ ਹੈ। ਮਨੁੱਖਾਂ ਜੀਵਨ ਕਈ ਲੱਖਾਂ ਸਾਲ ਬਾਅਦ ਮਿਲਦਾ ਹੈ |ਇਸ ਜੀਵਨ ਦਾ ਭਰਪੂਰ ਅਨੰਦ ਲੈਣਾ ਚਾਹੀਦਾ ਹੈ |ਆਤਮ ਹੱਤਿਆ ਕਰਨਾ ਇੱਕ ਬਹੁਤ ਹੀ ਕਰੂਰ ਹੈ |ਆਤਮਹੱਤਿਆ ਜੋ ਵੀ ਇਨਸਾਨ ਕਰਦਾ ਹੈ |ਉਹ ਖੁਦ ਤਾਂ ਮਰਦਾ ਹੀ ਹੈ ਪਰ ਉਹ ਬਾਕੀ ਪਰਿਵਾਰ ਨੂੰ ਵੀ ਮਾਰ ਦਿੰਦਾ ਹੈ|ਪਿੱਛੇ ਪਰਿਵਾਰ ਵਾਲੇ ਧੱਕੇ ਹੀ ਖਾਣ ਜੋਗੇ ਰਹਿ ਜਾਂਦੇ ਨੇ |ਆਓ ਆਪਾਂ ਵੀ ਸਿਆਣੇ ਬਣੀਏ|ਆਤਮ ਹੱਤਿਆ ਬਾਰੇ ਮਨ ਵਿੱਚੋ ਵਿਚਾਰ ਖ਼ਤਮ ਕਰੀਏ |ਮੁਸੀਬਤਾਂ ਨਾਲ ਲੜਨ ਲਈ ਤਿਆਰ ਹੋਈਏ | ਜੇ ਕਿਸੇ ਦਾ ਕੋਈ ਮਸਲਾ ਹੈ |ਉਸ ਨੂੰ ਬੈਠ ਕੇ ਨਿਪਟਾਇਆ ਜਾਵੇ ਆਤਮ ਹੱਤਿਆ ਕਰਕੇ ਨਹੀਂ |ਆਤਮ ਹੱਤਿਆ ਵੀ ਕਿਸੇ ਵੀ ਬਿਮਾਰੀ ਦਾ ਇਲਾਜ ਨਹੀਂ ਹੈ।



**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**
**7589155501**




ਛੋਟੇ ਹੁੰਦੇ ਸੋਚੀ ਦਾ ਸੀ ਕਿ ਜੇਕਰ ਕਾਟੋ ਜਾਂ ਜਿਸ ਨੂੰ ਗਲਹਿਰੀ ਵੀ ਕਹਿੰਦੇ ਹਨ, ਉਹ ਮਾਰ ਦਿੱਤੀ ਜਾਵੇ ਤਾਂ ਉਹਦੇ ਸਿਰ ਦੇ ਵਿੱਚੋਂ ਦੁਆਨੀ ਨਿਕਲਦੀ ਹੈ ਵੱਟੇ ਮਾਰ ਕੇ ਬੜੀ ਕੋਸ਼ਿਸ਼ ਕੀਤੀ ਪਰ ਕਦੇ ਕਾਟੋ ਨਾ ਮਰੀ ਤੇ ਨਾ ਹੀ ਕਦੇ ਸਾਨੂੰ ਦੁਆਨੀ ਮਿਲੀ, ਤੇ ਦੁਆਨੀ ਦੀ ਖਾਤਰ ਲਏ ਹੋਏ ਸੁਪਨੇ ਕਿ ਹੱਟੀ ਤੋਂ ਮਿੱਠੀਆਂ ਗੋਲੀਆਂ ਲੈ ਕੇ ਖਾਵਾਂਗੇ , ਨਾ ਉਹ ਰੀਜ ਹੀ ਪੂਰੀ ਹੋਈ। ਸਮਾਂ ਬੀਤਦਾ ਗਿਆ, ਥੋੜੇ ਵੱਡੇ ਹੋਏ ਤਾਂ ਫਿਰ ਕਿਸੇ ਦੱਸਿਆ ਕਿ ਹੁਣ ਇਹਦੇ ਸਿਰ ਦੇ ਵਿੱਚੋਂ ਅਠਿਆਨੀ ਨਿਕਲਦੀ ਹੈ। ਪਰ ਅਸੀਂ ਉਹ ਅਠਿਆਨੀ ਵੀ ਪ੍ਰਾਪਤ ਨਾ ਕਰ ਸਕੇ, ਕਿਉਂਕਿ ਇਹ ਜਾਨਵਰ ਭੱਜ ਜਾਂਦਾ ਸੀ ਅਤੇ ਸਾਡੇ ਅੜਿਕੇ ਕਦੇ ਵੀ ਨਹੀਂ ਆਇਆ । ਨਾ ਸੋਟੀਆਂ ਨਾਲ, ਨਾ ਵੱਟਿਆਂ ਨਾਲ । ਸੋ ਅਠਿਆਨੀ ਨਾਲ ਹੋਰ ਮਹਿੰਗੇ ਭਾ ਦੀਆਂ ਟਾਫੀਆਂ ਖਰੀਦਣ ਦੀ ਰੀਜ ਉਹ ਵੀ ਵਿੱਚੇ ਹੀ ਦੱਬ ਗਈ । ਫਿਰ ਸਮੇਂ ਨੇ ਕਰਵਟ ਲਈ ਤੇ ਅਸੀਂ ਵੱਡੇ ਹੋ ਗਏ। ਘਰਾਂ ਦੇ ਵਿੱਚ ਏਸੀ ਲੱਗ ਗਏ, ਦਫਤਰਾਂ ਦੇ ਵਿੱਚ ਏਸੀ ਲੱਗ ਗਏ, ਗਰਮੀਆਂ ਦੇ ਵਿੱਚ ਕਈ ਵਾਰੀ ਇੰਝ ਹੋਣਾ ਕਿ ਏਸੀ ਬੰਦ ਹੋ ਜਾਂਦੇ ।

ਮਕੈਨਿਕ ਨੂੰ ਸੱਦਣਾ ਤੇ ਉਸ ਆਖਣਾ, ਕੇਸ ਦੀਆਂ ਤਾਰਾਂ ਨੂੰ ਕਾਟੋ ਉਰਫ ਗਲਹਿਰੀ ਖਾ ਗਈ ਹੈ। ਬੜੀ ਵੱਡੀ ਸਮੱਸਿਆ ਖੜੀ ਹੋ ਗਈ । ਫਿਰ ਯਾਦ ਆਇਆ ਵੀ ਚਲੋ ਇਹਨਾਂ ਗਲਹਿਰੀਆਂ ਨੂੰ ਹੀ ਫੜ ਲੈਂਦੇ ਆਂ ਤੇ ਨਾਲੇ ਇਹਨਾਂ ਦੇ ਸਿਰ ਵਿੱਚੋਂ ਅਠਿਆਨੀ ਕੱਢ ਲੈਂਦੇ ਹਾਂ । ਹੋ ਸਕਦਾ ਹੈ ਅਠਿਆਨੀ ਦੀ ਜਗ੍ਹਾ ਇਹ ਪੈਸੇ ਰੁਪਏ ਹੋਰ ਵਧ ਗਏ ਹੋਣ। ਫਿਰ ਇਸੇ ਤਰ੍ਹਾਂ ਇੱਕ ਦਿਨ ਸਿਕੰਜਾ ਲਾ ਕੇ ਇੱਕ ਗਲਹਿਰੀ ਫੜ ਲਈ। ਜਦੋਂ ਉਹ ਫੜ ਲਈ ਤਾਂ ਉਹ ਬੜੀ ਘਬਰਾਈ ਹੋਈ ਸੀ । ਮੈਂ ਉਸ ਨੂੰ ਆਖਿਆ , ਬੱਚੂ ਸਾਰੀ ਜ਼ਿੰਦਗੀ ਗੁਜ਼ਰ ਗਈ ਨਾ ਤੇਰੇ ਚੋਂ ਅਸੀਂ ਦੁਆਨੀ ਕੱਢ ਸਕੇ ਤੇ ਨਾ ਅਠਿਆਨੀ ਕੱਢ ਸਕੇ , ਹੁਣ ਤੇਰੇ ਚੋਂ ਰੁਪਈਏ ਕੱਢਾਂਗੇ । ਤਾਂ ਉਸ ਘਬਰਾਈ ਹੋਈ ਨੇ ਬੋਲਿਆ, ਬਾਓ ਜੀ ਸਰਦਾਰ ਜੀ ਮਾਫ ਕਰਨਾ, ਹੁਣ ਮੇਰੇ ਸਿਰ ਦੇ ਵਿੱਚ ਕੈਸ਼ ਨਹੀਂ ਹੁੰਦਾ । ਆਪਣਾ ਕਿਊਆਰ ਕੋਡ ਦੇ ਦਿਓ ਮੈਂ ਤੁਹਾਨੂੰ ਪੇ ਟੀ ਐਮ ਕਰ ਦਿੰਦੀ ਆਂ, ਪਰ ਮੈਨੂੰ ਮਾਰਿਓ ਨਾ। ਮੈਂ ਜਲਦੀ ਵਿੱਚ ਆਪਣਾ ਫੋਨ ਕੱਢਿਆ ਤੇ ਕਿਊ ਆਰ ਕੋਡ ਲੱਭਣ ਲੱਗ ਪਿਆ। ਤਾਂ ਮੇਰੇ ਹੱਥ ਦੇ ਵਿੱਚੋਂ ਫੋਨ ਇਕਦਮ ਤਿਲਕ ਪਿਆ ਅਤੇ ਉਹ ਥੱਲੇ ਜਾ ਡਿੱਗਿਆ । ਮੈਂ ਜਿਉਂ ਹੀ ਝੁੱਕ ਕੇ ਫੋਨ ਚੁੱਕਣ ਲੱਗਾ ਤਾਂ ਧੜੰਮ ਦੇਣੇ ਮੈਂ ਮੰਜੇ ਦੀ ਬਾਹੀ ਤੋਂ ਥੱਲੇ ਡਿੱਗ ਪਿਆ ਤੇ ਮੇਰੀ ਜਾਗ ਖੁੱਲ ਗਈ । ਕਾਟੋ ਭੱਜ ਚੁੱਕੀ ਸੀ ਤੇ ਕਿਊਆਰ ਕੋਡ ਮੇਰਾ ਮੂੰਹ ਚਿੜ੍ਹਾ ਰਿਹਾ ਸੀ।

**-ਜਨਮੇਜਾ ਸਿੰਘ ਜੌਹਲ**

# ਹੋਰਮੁਜ਼ ਸੰਕਟ: ਅੱਧੀ ਦੁਨੀਆ ਦੀ ਖਾਦ ਸਪਲਾਈ ਠੱਪ

## ਰੂਸ ਇੱਕ ਮੁਕਤੀਦਾਤਾ ਵਜੋਂ ਉਭਰਿਆ, ਭਾਰਤ ਸਮੇਤ 'ਗਲੋਬਲ ਸਾਊਥ' ਨੂੰ ਮਹੱਤਵਪੂਰਨ ਰਾਹਤ ਪ੍ਰਦਾਨ ਕੀਤੀ

ਪੱਛਮੀ ਏਸ਼ੀਆ ਵਿੱਚ ਵਧਦੇ ਤਣਾਅ ਹੁਣ ਵਿਸ਼ਵ ਅਰਥਵਿਵਸਥਾ ਅਤੇ ਖੇਤੀਬਾੜੀ ਨੂੰ ਪ੍ਰਭਾਵਤ ਕਰ ਰਹੇ ਹਨ। ਹੋਰਮੁਜ਼ ਜਲਡਮਰੂ ਦੇ ਬੰਦ ਹੋਣ ਨਾਲ ਖਾਦਾਂ ਅਤੇ ਊਰਜਾ ਦੀ ਸਪਲਾਈ ਖਾਸ ਤੌਰ 'ਤੇ ਪ੍ਰਭਾਵਿਤ ਹੋਈ ਹੈ। ਇਨ੍ਹਾਂ ਮੁਸ਼ਕਲ ਸਮਿਆਂ ਵਿੱਚ, ਰੂਸ ਨੇ ਗਲੋਬਲ ਸਾਊਥ ਅਤੇ ਪੂਰਬੀ ਦੇਸ਼ਾਂ ਨੂੰ ਖਾਦਾਂ ਅਤੇ ਖੇਤੀਬਾੜੀ ਉਤਪਾਦਾਂ ਦੀ ਸਪਲਾਈ ਕਰਨ ਦੀ ਪੇਸ਼ਕਸ਼ ਕੀਤੀ ਹੈ, ਜੋ ਬਹੁਤ ਸਾਰੇ ਲੋਕਾਂ ਨੂੰ ਰਾਹਤ ਪ੍ਰਦਾਨ ਕਰ ਸਕਦੀ ਹੈ। ਹੋਰਮੁਜ਼ ਜਲਡਮਰੂ ਇੱਕ ਮਹੱਤਵਪੂਰਨ ਸਮੁੰਦਰੀ ਰਸਤਾ ਹੈ, ਜਿਸ ਰਾਹੀਂ ਦੁਨੀਆ ਦੇ ਤੇਲ, ਗੈਸ ਅਤੇ ਖਾਦ ਵਪਾਰ ਦਾ ਇੱਕ ਮਹੱਤਵਪੂਰਨ ਹਿੱਸਾ ਲੰਘਦਾ ਹੈ। ਹਾਲਾਂਕਿ, ਪੱਛਮੀ ਏਸ਼ੀਆ ਵਿੱਚ ਚੱਲ ਰਹੇ ਟਕਰਾਅ ਨੇ ਇਸ ਰਸਤੇ ਨੂੰ ਬੰਦ ਕਰਨ ਲਈ ਮਜਬੂਰ ਕੀਤਾ ਹੈ, ਜਿਸ ਨਾਲ ਵਿਸ਼ਵ ਵਪਾਰ ਅਤੇ ਸਪਲਾਈ ਚੇਨ ਕਾਫ਼ੀ ਪ੍ਰਭਾਵਿਤ ਹੋਈ ਹੈ। ਸੀਨੀਅਰ ਰੂਸੀ ਅਧਿਕਾਰੀ ਅਲੈਗਜ਼ੈਂਡਰ ਵੇਨੇਡਿਕਟੋਵ ਦੇ ਅਨੁਸਾਰ, ਜਲਡਮਰੂ ਦੇ ਬੰਦ ਹੋਣ ਨਾਲ ਦੁਨੀਆ ਦੀ ਖਾਦ ਸਪਲਾਈ ਦਾ ਲਗਭਗ 50 ਪ੍ਰਤੀਸ਼ਤ ਵਿਘਨ ਪਿਆ ਹੈ। ਇਸਦਾ ਸਿੱਧਾ ਪ੍ਰਭਾਵ ਏਸ਼ੀਆਈ ਦੇਸ਼ਾਂ 'ਤੇ ਪੈ ਸਕਦਾ ਹੈ, ਜਿੱਥੇ ਖੇਤੀਬਾੜੀ ਸੀਜ਼ਨ ਸ਼ੁਰੂ ਹੋਣ ਵਾਲਾ ਹੈ। ਜੇਕਰ ਖਾਦ ਸਮੇਂ ਸਿਰ ਉਪਲਬਧ ਨਹੀਂ ਹੁੰਦੀ ਹੈ, ਤਾਂ ਫਸਲਾਂ ਦੀ ਬਿਜਾਈ ਪ੍ਰਭਾਵਿਤ ਹੋ ਸਕਦੀ ਹੈ।

ਇਸ ਸੰਕਟ ਨੇ ਨਾ ਸਿਰਫ਼ ਸਪਲਾਈ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਕੀਮਤਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਨਾਈਟ੍ਰੋਜਨ-ਅਧਾਰਤ ਖਾਦ ਦੀਆਂ ਕੀਮਤਾਂ ਵਿੱਚ ਲਗਭਗ 30 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਇਸ ਨਾਲ ਕਿਸਾਨਾਂ ਦੀਆਂ ਲਾਗਤਾਂ ਵਧ ਜਾਣਗੀਆਂ ਅਤੇ ਖੇਤੀ ਹੋਰ ਮਹਿੰਗੀ ਹੋ ਸਕਦੀ ਹੈ। ਇਨ੍ਹਾਂ ਮੁਸ਼ਕਲ ਸਮਿਆਂ ਵਿੱਚ, ਰੂਸ ਨੇ ਗਲੋਬਲ ਦੱਖਣ ਅਤੇ ਪੂਰਬ ਦੇ ਦੇਸ਼ਾਂ ਨੂੰ ਮਦਦ ਦਾ ਹੱਥ ਵਧਾਇਆ ਹੈ।

ਰੂਸ ਨੇ ਇਨ੍ਹਾਂ ਦੇਸ਼ਾਂ ਨੂੰ ਖਾਦ ਅਤੇ ਹੋਰ ਖੇਤੀਬਾੜੀ ਉਤਪਾਦ ਪ੍ਰਦਾਨ ਕਰਨ ਲਈ ਆਪਣੀ ਤਿਆਰੀ ਦੱਸੀ ਹੈ। ਇਸ ਤੋਂ ਇਲਾਵਾ, ਰੂਸ ਨੇ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਕਰਨ ਲਈ ਬਹੁਪੱਖੀ ਸਹਿਯੋਗ 'ਤੇ ਵੀ ਚਰਚਾ ਕੀਤੀ ਹੈ। ਇਸ ਪੂਰੇ ਸੰਕਟ ਨੇ ਵਿਸ਼ਵਵਿਆਪੀ ਭੋਜਨ ਅਤੇ ਊਰਜਾ ਸੁਰੱਖਿਆ ਨੂੰ ਖ਼ਤਰਾ ਪੈਦਾ ਕਰ ਦਿੱਤਾ ਹੈ। ਉਨ੍ਹਾਂ ਦੇਸ਼ਾਂ ਲਈ ਸਥਿਤੀ ਹੋਰ ਵੀ ਗੰਭੀਰ ਹੋ ਸਕਦੀ ਹੈ ਜੋ ਆਯਾਤ 'ਤੇ ਵਧੇਰੇ ਨਿਰਭਰ ਹਨ।

ਖਾਸ ਕਰਕੇ ਵਿਕਾਸਸ਼ੀਲ ਦੇਸ਼ ਇਸ ਸੰਕਟ ਤੋਂ ਵਧੇਰੇ ਪ੍ਰਭਾਵਤ ਹੋ ਸਕਦੇ ਹਨ। ਜੇਕਰ ਇਹ ਸਥਿਤੀ ਲੰਬੇ ਸਮੇਂ ਤੱਕ ਬਣੀ ਰਹਿੰਦੀ ਹੈ, ਤਾਂ ਕਿਸਾਨਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਮੇਂ ਸਿਰ ਖਾਦ ਦੀ ਉਪਲਬਧਤਾ ਦੀ ਘਾਟ ਉਤਪਾਦਨ ਵਿੱਚ ਕਮੀ ਅਤੇ ਖੁਰਾਕ ਸੰਕਟ ਨੂੰ ਡੂੰਘਾ ਕਰਨ ਦਾ ਕਾਰਨ ਬਣ ਸਕਦੀ ਹੈ। ਇਸ ਸੰਦਰਭ ਵਿੱਚ, ਸਰਕਾਰਾਂ ਅਤੇ ਅੰਤਰਰਾਸ਼ਟਰੀ ਸਹਿਯੋਗ ਦੀ ਭੂਮਿਕਾ ਮਹੱਤਵਪੂਰਨ ਬਣ ਜਾਂਦੀ ਹੈ।

ਹੋਰਮੁਜ਼ ਸੰਕਟ ਨੇ ਦਿਖਾਇਆ ਹੈ ਕਿ ਵਿਸ਼ਵ ਵਪਾਰ ਅਤੇ ਸਪਲਾਈ ਚੇਨ ਕਿੰਨੀ ਕਮਜ਼ੋਰ ਹੈ। ਇਹ ਰੂਸੀ ਪ੍ਰਸਤਾਵ ਬਹੁਤ ਸਾਰੇ ਦੇਸ਼ਾਂ ਨੂੰ ਰਾਹਤ ਦੇ ਸਕਦਾ ਹੈ, ਪਰ ਇਸ ਸਥਿਤੀ ਦਾ ਸਥਾਈ ਹੱਲ ਤਾਂ ਹੀ ਸੰਭਵ ਹੈ ਜੇਕਰ ਖੇਤਰ ਵਿੱਚ ਸ਼ਾਂਤੀ ਬਹਾਲ ਕੀਤੀ ਜਾਵੇ। ਆਉਣ ਵਾਲੇ ਦਿਨਾਂ ਵਿੱਚ, ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਦੁਨੀਆ ਇਸ ਸੰਕਟ ਨੂੰ ਕਿਵੇਂ ਹੱਲ ਕਰਦੀ ਹੈ ਅਤੇ ਖੇਤੀਬਾੜੀ ਅਤੇ ਭੋਜਨ ਸੁਰੱਖਿਆ ਨੂੰ ਕਿਵੇਂ ਬਣਾਈ ਰੱਖਦੀ ਹੈ।



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਸਿਹਤਮੰਦ ਰਹਿਣ ਦਾ ਸਭ ਤੋਂ ਸੌਖਾ ਨਿਯਮ ਹੈ- ਈਟ ਦਾ ਰੇਨਬੋ

ਜ਼ਿਆਦਾਤਰ ਲੋਕ ਫਲਾਂ ਨੂੰ ਸਿਰਫ਼ ਇੱਕ ਸਨੈਕ ਮੰਨਦੇ ਹਨ, ਜਿਸ ਨੂੰ ਮਨ ਹੋਇਆ ਤਾਂ ਖਾ ਲਿਆ ਨਹੀਂ ਤਾਂ ਛੱਡ ਦਿੱਤਾ। ਪਰ ਫਲ ਸਾਡੀ ਸਿਹਤ ਲਈ ਇੱਕ ਦਵਾਈ ਵਾਂਗ ਹਨ, ਜੋ ਬਿਮਾਰੀਆਂ ਨਾਲ ਲੜਨ ਅਤੇ ਸਿਹਤਮੰਦ ਰਹਿਣ ਵਿੱਚ ਸਾਡੀ ਮਦਦ ਕਰਦੇ ਹਨ।ਇਸ ਲਈ ਜੇਕਰ ਤੁਸੀਂ ਆਪਣੀ ਸਿਹਤ ਨੂੰ ਬਿਹਤਰ ਬਣਾਉਣਾ ਚਾਹੁੰਦੇ ਹੋ, ਤਾਂ ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਤੁਹਾਨੂੰ ਰੋਜ਼ਾਨਾ ਕਿੰਨੇ ਫਲ ਖਾਣੇ ਚਾਹੀਦੇ ਹਨ। ਦਿਨ ਭਰ ਵਿੱਚ ਘੱਟੋ-ਘੱਟ 1.5 ਕੱਪ ਫਲ ਜ਼ਰੂਰ ਲਓ।ਫਲ ਸਾਡੇ ਸਰੀਰ ਲਈ ਸੁਰੱਖਿਆ ਕਵਚ ਵਾਂਗ ਕੰਮ ਕਰਦੇ ਹਨ। ਇਹ ਕਈ ਗੰਭੀਰ ਬਿਮਾਰੀਆਂ ਤੋਂ ਬਚਾਅ ਕਰਦੇ ਹਨ।

**ਫਾਈਬਰ:** ਇਹ ਮਾੜੇ ਕੋਲੇਸਟ੍ਰੋਲ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ।

**ਪੋਟਾਸ਼ੀਅਮ:** ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਵਿੱਚ ਰੱਖਦਾ ਹੈ, ਜਿਸ ਨਾਲ ਦਿਲ 'ਤੇ ਦਬਾਅ ਘੱਟ ਹੁੰਦਾ ਹੈ।

**ਫਲੇਵੋਨੋਇਡਜ਼:** ਇਹ ਸਟ੍ਰੋਕ ਅਤੇ ਦਿਲ ਦੀਆਂ ਬਿਮਾਰੀਆਂ ਦੇ ਖ਼ਤਰੇ ਨੂੰ 10-15% ਤੱਕ ਘਟਾ ਸਕਦੇ ਹਨ।

**ਜੇਕਰ ਫਲ ਨਾ ਖਾਧੇ ਜਾਣ ;** ਫਲਾਂ ਤੋਂ ਪਰਹੇਜ਼ ਕਰਨ ਨਾਲ ਸਰੀਰ ਵਿੱਚ ਸੋਜ ਵਧ ਸਕਦੀ ਹੈ। ਇਸ ਤੋਂ ਇਲਾਵਾ, ਅੰਤੜੀਆਂ ਦੀ ਸਿਹਤ ਵਿਗੜ ਸਕਦੀ ਹੈ ਅਤੇ ਟਾਈਪ-2 ਡਾਇਬੀਟੀਜ਼ ਦਾ ਖ਼ਤਰਾ ਵਧ ਜਾਂਦਾ ਹੈ।

**ਕੀ ਫਲਾਂ ਦੀ ਸ਼ੂਗਰ ਨੁਕਸਾਨ ਪਹੁੰਚਾਉਂਦੀ ;** ਬਹੁਤ ਸਾਰੇ ਲੋਕ ਫਲਾਂ ਤੋਂ ਇਸ ਲਈ ਦੂਰ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਵਿੱਚ ਸ਼ੂਗਰ ਹੁੰਦੀ ਹੈ। ਪਰ ਇੱਕ ਕਟੋਰੀ ਬਲੂਬੇਰੀ ਦੀ ਤੁਲਨਾ ਚਾਕਲੇਟ ਬਾਰ ਨਾਲ ਕਰਨਾ ਗਲਤ ਹੈ। ਸਾਬਤ ਫਲਾਂ ਵਿੱਚ ਮੌਜੂਦ ਫਾਈਬਰ, ਫਰੂਟ ਸ਼ੂਗਰ ਦੇ ਸੋਖਣ ਦੀ ਪ੍ਰਕਿਰਿਆ ਨੂੰ ਹੌਲੀ ਕਰ ਦਿੰਦਾ ਹੈ, ਜਿਸ ਨਾਲ ਇੰਸੁਲਿਨ ਇੱਕਦਮ ਨਹੀਂ ਵਧਦਾ।

**ਸਿਹਤਮੰਦ ਰਹਿਣ ਦਾ ਸਭ ਤੋਂ ਸੌਖਾ ਨਿਯਮ ਹੈ-** ਈਟ ਦਾ ਰੇਨਬੋ ਯਾਨੀ ਆਪਣੀ ਥਾਲੀ ਵਿੱਚ ਵੱਖ-ਵੱਖ ਰੰਗਾਂ ਦੇ ਫਲ ਅਤੇ ਸਬਜ਼ੀਆਂ ਸ਼ਾਮਲ ਕਰੋ। ਇਹ ਛੋਟਾ ਜਿਹਾ ਬਦਲਾਅ ਤੁਹਾਡੀ ਸਿਹਤ ਵਿੱਚ ਵੱਡਾ ਸੁਧਾਰ ਲਿਆਵੇਗਾ।

# ਪੰਜਾਬ ਦੀ ਧੀ ਕੈਨੇਡਾ ਵਿੱਚ ਫ਼ੈਡਰਲ ਅਧਿਕਾਰੀ ਹੋਈ ਨਿਯੁਕਤ

### *ਪਿੰਡ ਬੈਰ ਮਾਜਰਾ ਨਾਲ ਸਬੰਧਿਤ ਹੈ ਜਸਪ੍ਰੀਤ ਕੌਰ ਬਾਜਵਾ*

ਲਾਲੜੂ, 3 ਅਪ੍ਰੈਲ (ਚ.ਨ.ਸ.) : ਨਜ਼ਦੀਕੀ ਪਿੰਡ ਬੈਰ ਮਾਜਰਾ ਦੀ ਹੋਣਹਾਰ ਧੀ ਜਸਪ੍ਰੀਤ ਕੌਰ ਬਾਜਵਾ ਨੇ ਕੈਨੇਡਾ ਵਿੱਚ ਫੈਡਰਲ ਅਧਿਕਾਰੀ ਵਜੋਂ ਨਿਯੁਕਤੀ ਹਾਸਲ ਕਰਕੇ ਆਪਣੇ ਪਰਿਵਾਰ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਜਸਪ੍ਰੀਤ ਕੌਰ ਚਾਰ ਭੈਣਾਂ ਵਿੱਚ ਸਭ ਤੋਂ ਛੋਟੀ ਹੈ ਅਤੇ ਉਹ ਪਿੰਡ ਬੈਰ ਮਾਜਰਾ ਦੇ ਪੂਰਵ ਸਰਪੰਚ ਗਿਆਨ ਸਿੰਘ ਅਤੇ ਪੂਰਵ ਬਲਾਕ ਸਮਿਤੀ ਪ੍ਰਧਾਨ ਬਲਜੀਤ ਕੌਰ ਦੀ ਪੁੱਤਰੀ ਹੈ। ਆਪਣੀ ਲਗਨ, ਮਿਹਨਤ ਅਤੇ ਸਮਰਪਣ ਦੇ ਸਦਕਾ ਉਸਨੇ ਇਹ ਉੱਚ ਅਹੁਦਾ ਪ੍ਰਾਪਤ ਕੀਤਾ ਹੈ।ਉਸ ਦੀ ਇਸ ਕਾਮਯਾਬੀ ਨਾਲ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਹੈ। ਪਿਤਾ ਗਿਆਨ ਸਿੰਘ ਨੇ ਦੱਸਿਆ ਕਿ ਜਸਪ੍ਰੀਤ ਕੌਰ ਕੈਨੇਡਾ ਵਿੱਚ ਭਾਰਤੀ ਮੂਲ ਦੀ ਪਹਿਲੀ ਫੈਡਰਲ ਅਧਿਕਾਰੀ ਬਣੀ ਹੈ, ਜੋ ਸਾਡੇ ਲਈ ਮਾਣ ਦੀ ਗੱਲ ਹੈ।ਉਨ੍ਹਾਂ ਕਿਹਾ ਕਿ ਜਸਪ੍ਰੀਤ ਦੀ ਇਹ ਪ੍ਰਾਪਤੀ ਸਾਰੇ ਇਲਾਕੇ ਲਈ ਗੌਰਵ ਦੀ ਗੱਲ ਹੈ ਅਤੇ ਇਸ ਨਾਲ ਨੌਜਵਾਨਾਂ ਨੂੰ ਅੱਗੇ ਵੱਧਣ ਲਈ ਪ੍ਰੇਰਣਾ ਮਿਲੇਗੀ। ਇਸ ਮੌਕੇ ਸਥਾਨਕ ਵਾਸੀਆਂ ਅਤੇ ਰਿਸ਼ਤੇਦਾਰਾਂ ਵੱਲੋਂ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ ਅਤੇ ਜਸਪ੍ਰੀਤ ਦੇ ਚਮਕਦਾਰ ਭਵਿੱਖ ਲਈ ਦੁਆਵਾਂ ਕੀਤੀਆਂ ਜਾ ਰਹੀਆਂ ਹਨ। ਜਸਪ੍ਰੀਤ ਦੀ ਵੱਡੀ ਭੈਣ ਰੂਪਿੰਦਰ ਕੌਰ ਕਾਮਨਵੈਲਥ ਖੇਡਾਂ ਵਿੱਚ ਨੈੱਟਬਾਲ ਟੀਮ ਦੀ ਅੰਤਰਰਾਸ਼ਟਰੀ ਖਿਡਾਰਨ ਰਹਿ ਚੁੱਕੀ ਹੈ।



# ਅਮਰੀਕਾ ਵਿੱਚ ਪੰਜਾਬੀ ਡਰਾਈਵਰਾਂ 'ਤੇ ਵੱਡੀ ਕਾਰਵਾਈ, ਰਾਤੋ-ਰਾਤ 1,790 ਲੋਕਾਂ ਦੇ ਲਾਇਸੈਂਸ ਕੀਤੇ ਰੱਦ

ਇੰਡੀਆਨਾ, 3 ਅਪ੍ਰੈਲ (ਚ.ਨ.ਸ.): ਅਮਰੀਕਾ ਦੇ ਇੰਡੀਆਨਾ ਸੂਬੇ ਨੇ ਗੈਰ-ਕਾਨੂੰਨੀ ਤੌਰ 'ਤੇ ਗਏ ਪੰਜਾਬੀ ਡਰਾਈਵਰਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਹਨ। ਇੰਡੀਆਨਾ ਦੇ ਨਵੇਂ ਕਾਨੂੰਨ ਕਾਰਨ 1790 ਡਰਾਈਵਰਾਂ ਨੂੰ ਆਪਣੀਆਂ ਨੌਕਰੀਆਂ ਗੁਆਉਣੀਆਂ ਪਈਆਂ ਹਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬੀ ਸਨ। ਗਵਰਨਰ ਮਾਈਕ ਬ੍ਰੌਨ ਨੇ ਮਾਰਚ 2026 ਵਿੱਚ ਹਾਊਸ ਐਨਰੋਲਡ ਐਕਟ 1200 'ਤੇ ਦਸਤਖਤ ਕੀਤੇ ਸਨ।ਇੰਡੀਆਨਾ BMV ਨੇ 16 ਮਾਰਚ ਨੂੰ 1790 ਡਰਾਈਵਰਾਂ ਨੂੰ ਲਾਇਸੈਂਸ ਰੱਦ ਕਰਨ ਬਾਰੇ ਸੂਚਿਤ ਕਰਦੇ ਹੋਏ ਨੋਟਿਸ ਭੇਜੇ। ਸਾਰੇ ਗੈਰ-ਨਿਵਾਸੀ ਲਾਇਸੈਂਸ 1 ਅਪ੍ਰੈਲ ਨੂੰ ਆਪਣੇ ਆਪ ਐਕਸਪਾਇਰ ਹੋ ਜਾਣਗੇ। ਇੰਡੀਆਨਾ ਅਮਰੀਕਾ ਦਾ ਪਹਿਲਾ ਸੂਬਾ ਹੈ ਜਿਸ ਨੇ ਗੈਰ-ਕਾਨੂੰਨੀ ਪ੍ਰਵਾਸੀ ਟਰੱਕ ਡਰਾਈਵਰਾਂ 'ਤੇ ਕਾਰਵਾਈ ਕੀਤੀ ਹੈ। ਗਵਰਨਰ ਮਾਈਕ ਬ੍ਰੌਨ ਨੇ ਕਿਹਾ ਕਿ ਇਹ ਫੈਸਲਾ ਫਰਵਰੀ 2026 ਵਿੱਚ ਪੰਜਾਬੀ ਟਰੱਕ ਡਰਾਈਵਰਾਂ ਨਾਲ ਸਬੰਧਤ ਦੋ ਵੱਡੇ ਹਾਦਸਿਆਂ ਤੋਂ ਬਾਅਦ ਲਿਆ ਗਿਆ। ਫਰਵਰੀ 2026 ਵਿੱਚ, ਸੁਖਦੀਪ ਸਿੰਘ ਦੇ ਟਰੱਕ ਨਾਲ ਹੋਏ ਹਾਦਸੇ ਵਿੱਚ ਇੱਕ 64 ਸਾਲਾ ਵਿਅਕਤੀ ਦੀ ਮੌਤ ਹੋ ਗਈ ਸੀ।ਸਰਕਾਰ ਦਾ ਕਹਿਣਾ ਹੈ ਕਿ ਇਸ ਫ਼ੈਸਲੇ ਨਾਲ ਗੈਰ-ਸਿਖਿਅਤ ਅਤੇ ਅਯੋਗ ਡਰਾਈਵਰਾਂ ਨੂੰ ਰੋਕਿਆ ਜਾਵੇਗਾ ਅਤੇ ਸੜਕਾਂ ਨੂੰ ਸੁਰੱਖਿਅਤ ਬਣਾਇਆ ਜਾਵੇਗਾ। ਨਵੇਂ ਨਿਯਮ ਲਈ ਅੰਗਰੇਜ਼ੀ ਵਿੱਚ ਮੁਹਾਰਤ ਦੀ ਲੋੜ ਹੈ। ਰੱਦ ਕੀਤੇ ਲਾਇਸੈਂਸਾਂ ਵਾਲੇ ਡਰਾਈਵਰਾਂ ਨੂੰ ਨੌਕਰੀ @ਤੇ ਰੱਖਣ ਵਾਲੇ ਟਰੱਕ ਮਾਲਕਾਂ ਨੂੰ 50,000 ਡਾਲਰ ਦਾ ਜੁਰਮਾਨਾ ਲਗਾਇਆ ਜਾਵੇਗਾ।



# ਟਰੰਪ ਦਾ ਦੁਨੀਆਂ ਨੂੰ ਝਟਕਾ: ਦਵਾਈਆਂ 'ਤੇ ਲਗਾਇਆ 100 ਫੀਸਦੀ ਟੈਰਿਫ, ਧਾਤੂ ਡਿਊਟੀ 'ਚ ਵੀ ਕੀਤੀ ਸੋਧ



ਵਾਸ਼ਿੰਗਟਨ, 3 ਅਪ੍ਰੈਲ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋ ਮਹੱਤਵਪੂਰਨ ਕਾਰਜਕਾਰੀ ਆਦੇਸ਼ਾਂ 'ਤੇ ਦਸਤਖਤ ਕੀਤੇ ਜੋ ਅੰਤਰਰਾਸ਼ਟਰੀ ਵਪਾਰ ਦੇ ਦ੍ਰਿਸ਼ ਨੂੰ ਮੁੜ ਆਕਾਰ ਦੇ ਸਕਦੇ ਹਨ। ਇੱਕ ਆਦੇਸ਼ ਆਯਾਤ ਕੀਤੀਆਂ ਪੇਟੈਂਟ ਕੀਤੀਆਂ ਦਵਾਈਆਂ 'ਤੇ 100% ਟੈਰਿਫ ਲਗਾਉਂਦਾ ਹੈ, ਜਦੋਂ ਕਿ ਦੂਜਾ ਸਟੀਲ, ਐਲੂਮੀਨੀਅਮ ਅਤੇ ਤਾਂਬੇ 'ਤੇ ਲਾਗੂ ਟੈਰਿਫ ਢਾਂਚੇ ਨੂੰ ਸੋਧਦਾ ਹੈ।ਟਰੰਪ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਆਯਾਤ ਕੀਤੀਆਂ ਪੇਟੈਂਟ ਕੀਤੀਆਂ ਦਵਾਈਆਂ 'ਤੇ 100% ਟੈਰਿਫ ਹੁਣ ਖਾਸ ਤੌਰ 'ਤੇ ਉਨ੍ਹਾਂ ਦੇਸ਼ਾਂ ਤੋਂ ਆਯਾਤ 'ਤੇ ਲਾਗੂ ਹੋਵੇਗਾ ਜਿਨ੍ਹਾਂ ਨਾਲ ਅਮਰੀਕਾ ਦੇ ਰੀਸ਼ੋਰਿੰਗ ਸਮਝੌਤੇ ਜਾਂ ਮੋਸਟ ਫੇਵਰਡ ਨੇਸ਼ਨ ਕੀਮਤ ਸਮਝੌਤੇ ਨਹੀਂ ਹਨ। ਇਸਦਾ ਮਤਲਬ ਹੈ ਕਿ ਭਾਰਤ ਸਮੇਤ ਕਈ ਦੇਸ਼ਾਂ ਤੋਂ ਆਉਣ ਵਾਲੀਆਂ ਦਵਾਈਆਂ ਇਸ ਟੈਰਿਫ ਦੇ ਦਾਇਰੇ ਵਿੱਚ ਆਉਣਗੀਆਂ।ਸਰਕਾਰੀ ਸੂਤਰਾਂ ਅਨੁਸਾਰ, 100% ਕਸਟਮ ਡਿਊਟੀ ਸਿਰਫ਼ ਪੇਟੈਂਟ ਕੀਤੀਆਂ ਦਵਾਈਆਂ 'ਤੇ ਲਾਗੂ ਹੋਵੇਗੀ।

ਇਹ ਟੈਰਿਫ ਵਰਤਮਾਨ ਵਿੱਚ ਜੈਨਰਿਕ ਦਵਾਈਆਂ 'ਤੇ ਲਾਗੂ ਨਹੀਂ ਹੋਵੇਗਾ; ਹਾਲਾਂਕਿ, ਨੀਤੀ ਵਿੱਚ ਬਦਲਾਅ ਹੋ ਸਕਦਾ ਹੈ ਜੇਕਰ ਜੈਨਰਿਕ ਡਰੱਗ ਇੰਡਸਟਰੀ ਆਪਣੇ ਉਤਪਾਦਨ ਨੂੰ ਅਮਰੀਕਾ ਵਿੱਚ ਰੀਸ਼ੋਰ ਕਰਨ ਵਿੱਚ ਅਸਫਲ ਰਹਿੰਦੀ ਹੈ। ਛੋਟਾਂ ਸਿਰਫ਼ ਉਨ੍ਹਾਂ ਕੰਪਨੀਆਂ ਨੂੰ ਦਿੱਤੀਆਂ ਜਾਣਗੀਆਂ ਜਿਨ੍ਹਾਂ ਨੂੰ ਰੀਸ਼ੋਰਿੰਗ ਪਹਿਲਕਦਮੀ ਤਹਿਤ ਪ੍ਰਵਾਨਗੀ ਮਿਲੀ ਹੈ।ਡੋਨਾਲਡ ਟਰੰਪ ਪ੍ਰਸ਼ਾਸਨ ਨੇ ਸਟੀਲ, ਐਲੂਮੀਨੀਅਮ ਅਤੇ ਤਾਂਬੇ 'ਤੇ ਮੌਜੂਦਾ ਸਮੇਂ ਲਾਗੂ ਰਾਸ਼ਟਰੀ ਸੁਰੱਖਿਆ ਟੈਰਿਫਾਂ ਨੂੰ ਵੀ ਸੋਧਿਆ ਹੈ। ਇਸ ਕਦਮ ਦਾ ਉਦੇਸ਼ ਟੈਰਿਫ ਪ੍ਰਣਾਲੀ ਨੂੰ ਸਰਲ ਬਣਾਉਣਾ, ਅਨੁਚਿਤ ਕੀਮਤ ਰਿਪੋਰਟਿੰਗ ਦੀਆਂ ਉਦਾਹਰਣਾਂ ਨੂੰ ਰੋਕਣਾ ਅਤੇ ਅਮਰੀਕੀ ਗਾਹਕਾਂ ਦੁਆਰਾ ਅਦਾ ਕੀਤੀਆਂ ਅਸਲ ਕੀਮਤਾਂ ਦੇ ਆਧਾਰ 'ਤੇ ਟੈਰਿਫ ਲਗਾਉਣਾ ਹੈ।

# ਮੋਟੀ ਸੈਲਰੀ, ਬੋਨਸ ਤੇ ਭੱਤੇ... ਯੂਕ੍ਰੇਨ ਜੰਗ ਵਿਚਕਾਰ ਰੂਸੀ ਫ਼ੌਜ 'ਚ ਭਰਤੀ ਲਈ ਵਿਦਿਆਰਥੀਆਂ ਨੂੰ ਵੱਡੀ ਪੇਸ਼ਕਸ਼

ਮਾਸਕੋ, 3 ਅਪ੍ਰੈਲ (ਚ.ਨ.ਸ.) : ਰੂਸ ਵਿੱਚ ਵਿਦਿਆਰਥੀਆਂ ਨੂੰ ਯੂਕਰੇਨ ਵਿੱਚ ਲੜ ਰਹੀਆਂ ਡਰੋਨ ਯੂਨਿਟਾਂ ਵਿੱਚ ਆਪਰੇਟਰ ਅਤੇ ਇੰਜੀਨੀਅਰ ਵਜੋਂ ਸ਼ਾਮਲ ਹੋਣ ਲਈ ਵੱਡੇ ਵਿੱਤੀ ਲਾਲਚ ਦਿੱਤੇ ਜਾ ਰਹੇ ਹਨ। ਦੂਜੇ ਪਾਸੇ, ਰੂਸ ਦੇ ਮੱਧ ਰਿਆਜ਼ਾਨ ਖੇਤਰ ਦੀਆਂ ਕੰਪਨੀਆਂ ਨੂੰ ਫ਼ੌਜ ਲਈ ਭਰਤੀ ਕਰਨ ਦਾ ਕੋਟਾ ਦਿੱਤਾ ਗਿਆ ਹੈ। ਭਰਤੀ ਦੀ ਇਹ ਕੋਸ਼ਿਸ਼ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਰੂਸੀ ਫ਼ੌਜ ਯੂਕਰੇਨ ਨਾਲ ਜੰਗ ਦੇ ਮੈਦਾਨ ਵਿੱਚ ਲਗਾਤਾਰ ਅੱਗੇ ਵਧ ਰਹੀ ਹੈ।ਇਸ ਦੇ ਨਾਲ ਹੀ, ਈਰਾਨ ਜੰਗ ਕਾਰਨ ਅਮਰੀਕਾ ਦੀ ਵਿਚੋਲਗੀ ਵਾਲੀ ਸ਼ਾਂਤੀ ਗੱਲਬਾਤ ਰੁਕ ਗਈ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਮਾਸਕੋ ਆਪਣੀ ਫ਼ੌਜੀ ਨਫ਼ਰੀ ਨੂੰ ਮੁੜ ਭਰਨ ਦੀਆਂ ਕੋਸ਼ਿਸ਼ਾਂ ਤੇਜ਼ ਕਰ ਰਿਹਾ ਹੈ, ਕਿਉਂਕਿ ਇਹ ਜੰਗ ਦਾ ਪੰਜਵਾਂ ਸਾਲ ਹੈ। ਸੁਰੱਖਿਆ ਕੌਂਸਲ ਦੇ ਉਪ ਚੇਅਰਮੈਨ ਦਮਿਤਰੀ ਮੇਦਵੇਦੇਵ ਨੇ ਸ਼ੁੱਕਰਵਾਰ ਨੂੰ ਸਰਕਾਰੀ ਮੀਡੀਆ ਨੂੰ ਦੱਸਿਆ ਕਿ ਰੂਸ ਦੀ ਭਰਤੀ ਪ੍ਰਣਾਲੀ ਲਗਾਤਾਰ ਵਧੀਆ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ 400,000 ਤੋਂ ਵੱਧ ਲੋਕਾਂ ਨੇ ਅਤੇ ਇਸ ਸਾਲ ਹੁਣ ਤੱਕ 80,000 ਤੋਂ ਵੱਧ ਲੋਕਾਂ ਨੇ ਫ਼ੌਜ ਵਿੱਚ ਸ਼ਾਮਲ ਹੋਣ ਲਈ ਸਾਈਨ-ਅੱਪ ਕੀਤਾ ਹੈ।ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਸੀ ਕਿ ਉਨ੍ਹਾਂ ਨੇ ਵਿਦਿਆਰਥੀਆਂ ਦੀ ਭਰਤੀ ਅਤੇ ਰਿਆਜ਼ਾਨ ਵਿੱਚ ਕੰਪਨੀਆਂ ਲਈ ਤੈਅ ਭਰਤੀ ਕੋਟੇ ਨਾਲ ਸਬੰਧਤ ਅਧਿਕਾਰਤ ਦਸਤਾਵੇਜ਼ ਨਹੀਂ ਦੇਖੇ ਹਨ।

ਪਰ ਉਨ੍ਹਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਵਿਦਿਆਰਥੀਆਂ ਨੂੰ ਰੂਸ ਦੀ ਡਰੋਨ ਫ਼ੌਜ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਹ ਹਥਿਆਰਬੰਦ ਸੈਨਾਵਾਂ ਦੀ ਇੱਕ ਨਵੀਂ ਟੁਕੜੀ ਹੈ, ਜਿਸ ਨੂੰ ਪਿਛਲੇ ਸਾਲ ਦੇ ਅਖੀਰ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੇ ਨਿਰਦੇਸ਼ਾਂ 'ਤੇ ਬਣਾਇਆ ਗਿਆ ਸੀ।



# ਈਰਾਨ ਵੱਲੋਂ ਓਮਾਨ ਨਾਲ ਮਿਲ ਕੇ ਹੋਰਮੁਜ਼ ਦੀ ਨਿਗਰਾਨੀ ਲਈ ਪ੍ਰਸਤਾਵ ਤਿਆਰ ਕਰਨ ਦਾ ਦਾਅਵਾ

ਕੁਵੈਤ, 3 ਅਪ੍ਰੈਲ (ਚ.ਨ.ਸ.) : ਮੱਧ ਪੂਰਬ ਵਿੱਚ ਸ਼ੁੱਕਰਵਾਰ ਨੂੰ ਜੰਗ ਦੇ ਖਤਮ ਹੋਣ ਦੇ ਬਹੁਤ ਘੱਟ ਸੰਕੇਤ ਦਿਖਾਈ ਦੇ ਰਹੇ ਹਨ। ਤਾਜ਼ਾ ਰਿਪੋਰਟਾਂ ਵਿੱਚ ਇਜ਼ਰਾਈਲ ਨੇ ਕਿਹਾ ਕਿ ਉਸ ਨੂੰ ਇਰਾਨ ਵੱਲੋਂ ਫਾਇਰਿੰਗ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੁਵੈਤ ਅਤੇ ਬਹਿਰੀਨ ਨੇ ਵੀ ਆਪਣੇ ਉੱਪਰ ਹਮਲੇ ਹੋਣ ਦੀ ਰਿਪੋਰਟ ਦਿੱਤੀ ਹੈ ਅਤੇ ਇਰਾਨ ਨੇ ਕਿਹਾ ਕਿ ਅਮਰੀਕੀ ਹਮਲੇ ਦਾ ਸ਼ਿਕਾਰ ਹੋਏ ਇੱਕ ਮੁੱਖ ਪੁਲ ਦੇ ਨੇੜੇ ਫਾਰਸੀ ਨਵੇਂ ਸਾਲ ਦੀ ਸਮਾਪਤੀ ਦਾ ਜਸ਼ਨ ਮਨਾ ਰਹੇ ਅੱਠ ਲੋਕ ਮਾਰੇ ਗਏ ਹਨ।ਤਹਿਰਾਨ ਨੇ ਆਪਣੇ ਗੁਆਂਢੀਆਂ 'ਤੇ ਹਮਲਾ ਕਰਨ ਦੀ ਆਪਣੀ ਸਮਰੱਥਾ ਦਾ ਪ੍ਰਦਰਸ਼ਨ ਕਰਨਾ ਜਾਰੀ ਰੱਖਿਆ, ਭਾਵੇਂ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦਾਅਵਾ ਕੀਤਾ ਕਿ ਉਸ ਦੇਸ਼ ਤੋਂ ਖ਼ਤਰਾ ਲਗਪਗ ਖ਼ਤਮ ਹੋ ਗਿਆ ਹੈ। ਟਰੰਪ ਨੇ ਵੀਰਵਾਰ ਨੂੰ ਪੁਲ ਦੇ ਡਿੱਗਣ 'ਤੇ ਖੁਸ਼ੀ ਜ਼ਾਹਰ ਕੀਤੀ, ਜੋ ਕਥਿਤ ਤੌਰ 'ਤੇ ਮੱਧ ਪੂਰਬ ਦਾ ਸਭ ਤੋਂ ਉੱਚਾ ਪੁਲ ਸੀ। ਦੂਜੇ ਪਾਸੇ ਇਰਾਨ ਨੇ ਪੁਲ 'ਤੇ ਹੋਏ ਹਮਲੇ ਦੀ ਨਿੰਦਾ ਕੀਤੀ ਹੈ, ਜਿਸ ਵਿੱਚ ਨੇਚਰ ਡੇਅ ਮਨਾ ਰਹੇ 95 ਲੋਕ ਜ਼ਖਮੀ ਵੀ ਹੋਏ ਹਨ।ਹੋਰਮੁਜ਼ ਜਲਮਾਰਗ ਦੀ ਘੇਰਾਬੰਦੀ ਕਾਰਨ ਵਿਸ਼ਵ ਊਰਜਾ ਸਪਲਾਈ ਪ੍ਰਭਾਵਿਤਖਾੜੀ ਦੇਸ਼ਾਂ 'ਤੇ ਇਰਾਨ ਦੇ ਹਮਲਿਆਂ ਅਤੇ ਹੋਰਮੁਜ਼ ਜਲਮਾਰਗ 'ਤੇ ਉਸ ਦੇ ਕਬਜ਼ੇ ਨੇ ਵਿਸ਼ਵ ਦੀ ਊਰਜਾ ਸਪਲਾਈ ਨੂੰ ਵਿਗਾੜ ਦਿੱਤਾ ਹੈ, ਜਿਸ ਦੇ ਪ੍ਰਭਾਵ ਮੱਧ ਪੂਰਬ ਤੋਂ ਬਹੁਤ ਦੂਰ ਤੱਕ ਮਹਿਸੂਸ ਕੀਤੇ ਜਾ ਰਹੇ ਹਨ। ਇਹ ਜੰਗ ਵਿੱਚ ਇਰਾਨ ਦਾ ਸਭ ਤੋਂ ਵੱਡਾ ਰਣਨੀਤਕ ਲਾਭ ਸਾਬਤ ਹੋਇਆ ਹੈ। ਬ੍ਰਿਟੇਨ ਨੇ ਲਗਪਗ ਤਿੰਨ ਦਰਜਨ ਦੇਸ਼ਾਂ ਨਾਲ ਇਸ ਬਾਰੇ ਗੱਲਬਾਤ ਕੀਤੀ ਕਿ ਲੜਾਈ ਖਤਮ ਹੋਣ ਤੋਂ ਬਾਅਦ ਇਸ ਜਲਮਾਰਗ ਨੂੰ ਦੁਬਾਰਾ ਕਿਵੇਂ ਖੋਲ੍ਹਿਆ ਜਾਵੇ।



# ਸਟਾਰ ਬੱਲੇਬਾਜ਼ ਅਭਿਸ਼ੇਕ ਸ਼ਰਮਾ 'ਤੇ ਬੀਸੀਸੀਆਈ ਨੇ ਲਗਾਇਆ ਜੁਰਮਾਨਾ

ਹੈਦਰਾਬਾਦ, 3 ਅਪ੍ਰੈਲ (ਚ.ਨ.ਸ.) : ਸਨਰਾਈਜ਼ਰਜ਼ ਹੈਦਰਾਬਾਦ ਦੇ ਸਟਾਰ ਬੱਲੇਬਾਜ਼ ਅਭਿਸ਼ੇਕ ਸ਼ਰਮਾ ਕੋਲਕਾਤਾ ਨਾਈਟ ਰਾਈਡਰਜ਼ ਵਿਰੁੱਧ ਮੈਚ ਜਿੱਤਣ ਤੋਂ ਬਾਅਦ ਵਿਵਾਦਾਂ 'ਚ ਘਿਰ ਗਏ ਹਨ। ਭਾਰਤੀ ਕ੍ਰਿਕਟ ਕੰਟਰੋਲ ਬੋਰਡ (2339) ਨੇ ਉਨ੍ਹਾਂ ਨੂੰ ਆਈਪੀਐੱਲ 2026 ਦੇ ਕੋਡ ਆਫ ਕੰਡਕਟ (ਆਚਾਰ ਸੰਹਿਤਾ) ਦੀ ਉਲੰਘਣਾ ਦਾ ਦੋਸ਼ੀ ਪਾਇਆ ਹੈ।ਬੀਸੀਸੀਆਈ ਵੱਲੋਂ ਜਾਰੀ ਬਿਆਨ ਅਨੁਸਾਰ, ਅਭਿਸ਼ੇਕ ਸ਼ਰਮਾ ਨੇ ਆਈਪੀਐੱਲ ਕੋਡ ਆਫ ਕੰਡਕਟ ਦੇ ਆਰਟੀਕਲ 2.3 ਦੀ ਉਲੰਘਣਾ ਕੀਤੀ ਹੈ, ਜੋ ਮੈਦਾਨ 'ਤੇ ਅਪਮਾਨਜਨਕ ਜਾਂ ਅਸ਼ਲੀਲ ਭਾਸ਼ਾ ਦੀ ਵਰਤੋਂ ਨਾਲ ਸਬੰਧਤ ਹੈ। ਇਸ ਗਲਤੀ ਲਈ ਉਨ੍ਹਾਂ 'ਤੇ ਮੈਚ ਫੀਸ ਦਾ 25 ਫੀਸਦੀ ਜੁਰਮਾਨਾ ਲਗਾਇਆ ਗਿਆ ਹੈ ਅਤੇ ਉਨ੍ਹਾਂ ਦੇ ਖਾਤੇ 'ਚ ਇਕ ਡੀਮੈਰਿਟ ਪੁਆਇੰਟ ਵੀ ਜੋੜ ਦਿੱਤਾ ਗਿਆ ਹੈ। ਅਭਿਸ਼ੇਕ ਨੇ ਆਪਣੀ ਗਲਤੀ ਸਵੀਕਾਰ ਕਰ ਲਈ ਹੈ।



# ਅਫਗਾਨਿਸਤਾਨ ਦੇ ਸਰਜੀਕਲ ਸਟ੍ਰਾਈਕ ਨੇ ਪਾਕਿਸਤਾਨ 'ਚ ਮਚਾਇਆ ਹੜਕੰਪ ; ਕਈ ਅੱਡੇ ਤਬਾਹ, 3 ਸੈਨਿਕਾਂ ਦੀ ਮੌਤ

ਖੋਸਤ-ਕੁਰਮ, 3 ਅਪ੍ਰੈਲ (ਚ.ਨ.ਸ.) : ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਤਣਾਅ ਇੱਕ ਵਾਰ ਫਿਰ ਸਿਖਰ 'ਤੇ ਪਹੁੰਚ ਗਿਆ ਹੈ। ਹਾਲ ਹੀ ਵਿੱਚ, ਅਫਗਾਨ ਫੌਜ ਨੇ ਡੁਰੰਡ ਲਾਈਨ ਪਾਰ ਕੀਤੀ ਅਤੇ ਖੋਸਤ-ਕੁਰਮ ਸਰਹੱਦ ਦੇ ਨੇੜੇ ਪਾਕਿਸਤਾਨੀ ਫੌਜੀ ਠਿਕਾਣਿਆਂ 'ਤੇ ਹਮਲਾ ਕੀਤਾ। ਫੌਜੀ ਮਾਹਰ ਇਸ ਕਾਰਵਾਈ ਨੂੰ 'ਸਰਜੀਕਲ ਸਟ੍ਰਾਈਕ' ਵਜੋਂ ਵੇਖਦੇ ਹਨ, ਇੱਕ ਅਜਿਹੀ ਕਾਰਵਾਈ ਜਿਸ ਨੇ ਪੂਰੇ ਖੇਤਰ ਵਿੱਚ ਸੁਰੱਖਿਆ ਚਿੰਤਾਵਾਂ ਨੂੰ ਵਧਾ ਦਿੱਤਾ ਹੈ।ਅਫਗਾਨ ਫੌਜ ਨੇ ਕੁਰਮ ਖੇਤਰ ਵਿੱਚ ਸਥਿਤ ਕਈ ਪਾਕਿਸਤਾਨੀ ਫੌਜੀ ਠਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਕਾਰਵਾਈ ਦੌਰਾਨ, ਇੱਕ ਫੌਜੀ ਵਾਹਨ ਨੂੰ ਵੀ ਅੱਗ ਲਗਾ ਦਿੱਤੀ ਗਈ। ਹਮਲੇ ਦੀ ਤੀਬਰਤਾ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਕਈ ਹੋਰ ਫੌਜੀ ਠਿਕਾਣਿਆਂ ਨੂੰ ਭਾਰੀ ਨੁਕਸਾਨ ਹੋਇਆ।ਰਿਪੋਰਟਾਂ ਅਨੁਸਾਰ, ਅਫਗਾਨ ਫੌਜ ਨੇ ਇਸ ਕਾਰਵਾਈ ਦੌਰਾਨ ਤੋਪਖਾਨੇ ਅਤੇ ਟੈਂਕਾਂ ਦੀ ਵਿਆਪਕ ਵਰਤੋਂ ਕੀਤੀ। ਦੇਰ ਰਾਤ ਤਕ ਸਰਹੱਦ 'ਤੇ ਭਾਰੀ ਗੋਲੀਬਾਰੀ ਜਾਰੀ ਰਹੀ, ਜਿਸ ਨਾਲ ਪੂਰੇ ਖੇਤਰ ਵਿੱਚ ਦਹਿਸ਼ਤ ਅਤੇ ਤਣਾਅ ਦਾ ਮਾਹੌਲ ਬਣ ਗਿਆ। ਰਿਪੋਰਟਾਂ ਦਰਸਾਉਂਦੀਆਂ ਹਨ ਕਿ ਲਗਭਗ 12:30 ਵਜੇ ਤੱਕ, ਮੁਕਾਬਲੇ ਵਿੱਚ ਘੱਟੋ-ਘੱਟ ਤਿੰਨ ਪਾਕਿਸਤਾਨੀ ਸੈਨਿਕ ਮਾਰੇ ਸਨ, ਜਦੋਂ ਕਿ 12 ਹੋਰ ਜ਼ਖਮੀ ਹੋਣ ਦੀ ਰਿਪੋਰਟ ਹੈ।



# ਪੋਲੈਂਡ ਦੇ ਡਬਲਿਊ.ਸੀ. 'ਚ ਜਗ੍ਹਾ ਨਾ ਬਣਾ ਸਕਣ ਤੋਂ ਬਾਅਦ ਲੇਵਾਂਡੋਵਸਕੀ ਨੇ ਦਿੱਤੇ ਸੰਨਿਆਸ ਦੇ ਸੰਕੇਤ

ਸਟਾਕਹੋਮ, 3 ਅਪ੍ਰੈਲ (ਚ.ਨ.ਸ.) : ਪੋਲੈਂਡ ਦੇ ਵਿਸ਼ਵ ਕੱਪ 'ਚ ਜਗ੍ਹਾ ਨਾ ਬਣਾ ਸਕਣ ਤੋਂ ਬਾਅਦ ਉਸ ਦੇ ਸਟਾਰ ਸਟ੍ਰਾਈਕਰ ਰਾਬਰਟ ਲੇਵਾਂਡੋਵਸਕੀ ਨੇ ਕੌਮਾਂਤਰੀ ਫੁੱਟਬਾਲ ਤੋਂ ਸੰਨਿਆਸ ਦੇ ਸੰਕੇਤ ਦਿੱਤੇ। ਸਵੀਡਨ ਨੇ ਪਲੇਅ ਆਫ ਫਾਈਨਲ 'ਚ ਪੋਲੈਂਡ ਨੂੰ 3-2 ਨਾਲ ਹਰਾਇਆ।

ਇਸ ਤੋਂ ਬਾਅਦ ਲੇਵਾਂਡੋਵਸਕੀ ਨੇ ਇੰਸਟਾਗ੍ਰਾਮ 'ਤੇ ਤਸਵੀਰ ਸਾਂਝੀ ਕੀਤੀ ਜਿਸ 'ਚ ਉਸ ਦੇ ਹੱਥ 'ਚ ਕਪਤਾਨ ਦਾ ਆਰਮਬੈਂਡ ਹੈ ਤੇ ਪਿੱਛੇ 'ਟਾਈਮ ਟੂ ਸੇ ਗੁਡਬਾਏ' ਗੀਤ ਵੱਜ ਰਿਹਾ ਹੈ।ਬਾਰਸੀਲੋਨਾ ਦੇ ਇਸ ਸਟ੍ਰਾਈਕਰ ਨੇ ਸਿੱਧੇ ਸੰਨਿਆਸ ਨੂੰ ਲੈ ਕੇ ਕੁਝ ਨਹੀਂ ਕਿਹਾ ਪਰ ਪਹਿਲਾਂ ਵੀ ਉਹ ਕੌਮਾਂਤਰੀ ਫੁੱਟਬਾਲ ਤੋਂ ਸੰਨਿਆਸ ਦੇ ਸੰਕੇਤ ਦੇ ਚੁੱਕਾ ਹੈ। ਪਿਛਲੇ ਸਾਲ ਟੀਮ ਦੇ ਤੱਤਕਾਲੀ ਕੋਚ ਨਾਲ ਮਤਭੇਦਾਂ ਤੋਂ ਬਾਅਦ ਵੀ ਉਸ ਨੇ ਕੌਮਾਂਤਰੀ ਫੁੱਟਬਾਲ ਛੱਡਣ ਦੀ ਧਮਕੀ ਦਿੱਤੀ ਸੀ ਜਿਸ ਤੋਂ ਬਾਅਦ ਕੋਚ ਨੇ ਅਸਤੀਫਾ ਦੇ ਦਿੱਤਾ ਸੀ। ਪੋਲੈਂਡ ਦੇ ਲਈ 2008 'ਚ ਪਹਿਲਾ ਮੈਚ ਖੇਡਣ ਵਾਲਾ ਲੇਵਾਂਡੋਵਸਕੀ 165 ਮੈਚਾਂ 'ਚ 89 ਗੋਲ ਕਰ ਚੁੱਕਾ ਹੈ।



# *ਇੰਡੋਨੇਸ਼ੀਆ 'ਚ ਭੂਚਾਲ ਮਗਰੋਂ ਸੁਨਾਮੀ*

ਜੈਕਾਰਤਾ, 3 ਅਪ੍ਰੈਲ (ਚ.ਨ.ਸ.) : ਇੰਡੋਨੇਸ਼ੀਆ ਦੇ ਉੱਤਰੀ ਮੋਲੂਕਾ ਪ੍ਰਾਂਤ ਵਿੱਚ ਵੀਰਵਾਰ ਨੂੰ ਭੂਚਾਲ ਦੇ ਭਿਆਨਕ ਝਟਕੇ ਮਹਿਸੂਸ ਕੀਤੇ ਗਏ। ਸੰਯੁਕਤ ਰਾਜ ਭੂ-ਵਿਗਿਆਨ ਸਰਵੇਖਣ ਦੇ ਅਨੁਸਾਰ, ਰਿਕਟਰ ਪੈਮਾਨੇ 'ਤੇ ਭੂਚਾਲ ਦੀ ਤੀਬਰਤਾ 7.8 ਮਾਪੀ ਗਈ ਹੈ।ਕੇਂਦਰ: ਭੂਚਾਲ ਦਾ ਕੇਂਦਰ ਟੇਰਨਾਟੇ ਖੇਤਰ ਦੇ ਨੇੜੇ ਉੱਤਰੀ ਮੋਲੂਕਾ ਸਾਗਰ ਵਿੱਚ ਸੀ।ਡੂੰਘਾਈ: ਜ਼ਮੀਨ ਤੋਂ ਸਿਰਫ਼ 10 ਕਿਲੋਮੀਟਰ ਹੇਠਾਂ, ਜਿਸ ਕਾਰਨ ਝਟਕੇ ਵਧੇਰੇ ਵਿਨਾਸ਼ਕਾਰੀ ਮਹਿਸੂਸ ਹੋਏ।ਪ੍ਰਭਾਵ: ਤੱਟੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਵਿੱਚ ਹਫੜਾ-ਦਫੜੀ ਦਾ ਮਾਹੌਲ ਹੈ। ਪ੍ਰਸ਼ਾਸਨ ਨੇ ਸਾਵਧਾਨੀ ਵਜੋਂ ਸੁਨਾਮੀ ਦੀ ਚਿਤਾਵਨੀ ਜਾਰੀ ਕੀਤੀ ਹੈ ਅਤੇ ਲੋਕਾਂ ਨੂੰ ਉੱਚੀਆਂ ਥਾਵਾਂ 'ਤੇ ਜਾਣ ਦੀ ਸਲਾਹ ਦਿੱਤੀ ਗਈ ਹੈ।ਇਸ ਭੂਚਾਲ ਵਿੱਚ ਕਈ ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਅਤੇ ਇੱਕ ਵਿਅਕਤੀ ਦੀ ਮੌਤ ਵੀ ਹੋਈ ਹੈ।

# ਪੰਜਾਬ ਬਚਾਓ ਰੈਲੀ ਦੌਰਾਨ ਅਤਲਾ ਨੂੰ ਵੱਡੇ ਅਹੁਦੇ ਨਾਲ ਸਨਮਾਨ ਸਕਦੇ ਹਨ ਸੁਖਬੀਰ ਸਿੰਘ ਬਾਦਲ

ਪਟਿਆਲਾ, 3 ਅਪ੍ਰੈਲ (ਗੁਰਦੀਪ ਸਿੰਘ ਢਿੱਲੋਂ.) : ਸ਼੍ਰੋਮਣੀ ਅਕਾਲੀ ਦਲ ਵੱਲੋਂ 5 ਅਪ੍ਰੈਲ ਨੂੰ ਬਾਰਨ ਵਿਖੇ ਕੀਤੀ ਜਾ ਰਹੀ ਪੰਜਾਬ ਬਚਾਓ ਰੈਲੀ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਰਗਰਮ ਆਗੂ ਗੁਰਤੇਜ ਸਿੰਘ ਅਤਲਾ ਨੂੰ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਨਮਾਨਜਨਕ ਅਹੁਦੇ ਨਾਲ ਨਿਵਾਜ ਸਕਦੇ ਹਨ। ਗੁਰਤੇਜ ਸਿੰਘ ਅਤਲ ਜੋ ਢਾਈ ਦਹਾਕਿਆਂ ਤੋਂ ਵੱਖ ਵੱਖ ਅਹੁਦਿਆਂ 'ਤੇ ਰਹਿ ਕੇ ਪਾਰਟੀ ਦੀ ਸੇਵਾ ਕਰਦਾ ਰਿਹਾ ਹੈ, ਉਸਨੂੰ ਇਹ ਵੱਡਾ ਸਨਮਾਨ ਮਿਲਣ ਦੀਆਂ ਕਨਸੋਆਂ ਹਨ। ਇਸ ਸਬੰਧੀ ਜਦੋਂ ਗੁਰਤੇਜ ਸਿੰਘ ਅਤਲਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਮੈਂ ਪਾਰਟੀ ਦਾ ਨਿਰਸਵਾਰਥ ਅਤੇ ਸਮਰਪਿਤ ਵਰਕਰ ਹਾਂ। ਜੋ ਵੀ ਪਾਰਟੀ ਪ੍ਰਧਾਨ ਨਵੀਂ ਜ਼ਿੰਮੇਵਾਰੀ ਸੌਂਪਣਗੇ ਮੈਂ ਪੂਰੀ ਤਨਦੇਹੀ ਨਾਲ ਨਿਭਾਵਾਂਗਾ। ਉਨ੍ਹਾਂ ਹੋਰ ਕਿਹਾ ਕਿ ਇਸ ਦਿਨ ਮੇਰੀ ਪ੍ਰੇਰਨ ਸਦਕਾ 15 ਪਰਿਵਾਰ ਅਕਾਲੀ ਦਲ 'ਚ ਸ਼ਾਮਲ ਹੋਣਗੇ। ਉਨ੍ਹਾਂ ਅੰਤ ਵਿਚ ਕਿਹਾ ਕਿ ਪੰਜਾਬ ਬਚਾਓ ਰੈਲੀ ਲਈ ਵਰਕਰਾਂ ਵਿਚ ਪੂਰਾ ਜੋਸ਼ ਹੈ ਅਤੇ ਉਹ ਭਾਰੀ ਗਿਣਤੀ ਵਿਚ ਰੈਲੀ ਵਿਚ ਸ਼ਾਮਲ ਹੋਣਗੇ ਅਤੇ ਆਪਣੇ ਹਰਮਨ ਪਿਆਰੇ ਨੇਤਾਵਾਂ ਦੇ ਵਿਚਾਰ ਸੁਣਨਗੇ। ਰੈਲੀ ਦੀਆਂ ਸਾਰੀਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦੇ ਦਿੱਤੀਆਂ ਗਈਆਂ ਹਨ।



# ਜੀਵਨ ਜੋਤੀ ਬੀਮਾ ਯੋਜਨਾ ਤਹਿਤ ਮ੍ਰਿਤਕ ਦੇ ਪਰਿਵਾਰ ਨੂੰ ਸਹਾਇਤਾ ਰਾਸ਼ੀ ਦਾ ਚੈਕ ਸੌਂਪਿਆ



ਚੰਡੀਗੜ੍ਹ, 3 ਅਪ੍ਰੈਲ (ਚ.ਨ.ਸ.) : ਭਾਰਤ ਸਰਕਾਰ ਵੱਲੋਂ ਚਲਾਈ ਗਈ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਜਿਸ ਦੀ ਕਿਸਤ 436 ਰੁਪਏ ਸਲਾਨਾ ਹੈ, ਜਿਸ ਦੇ ਤਹਿਤ ਪੰਜਾਬ ਐਂਡ ਸਿੰਧ ਬੈਂਕ ਬਰਾਂਚ ਕੰਮੇਆਣਾ ਵੱਲੋਂ ਮ੍ਰਿਤਕ ਪਰਮਜੀਤ ਸਿੰਘ ਜਿਸ ਦੀ ਮੌਤ ਅਚਾਨਕ ਸਿਹਤ ਖਰਾਬ ਕਰਨ ਹੋ ਗਈ ਉਨਾਂ ਦੇ ਵਾਰਸ ਨੂੰ ਕਲੇਮ ਦਾ ਚੈੱਕ ਦਿੱਤਾ ਗਿਆ। ਉਹਨਾਂ ਦੇ ਪਰਿਵਾਰ ਵੱਲੋਂ ਮੌਤ ਦਾ ਸਰਟੀਫਿਕੇਟ ਅਤੇ ਵਾਰਸ ਦੇ ਸਬੂਤ ਦੇਣ ਦੇ ਕੁਝ ਦਿਨਾਂ ਬਾਅਦ ਹੀ ਪੰਜਾਬ ਐਂਡ ਸਿੰਧ ਬੈਂਕ ਕੰਮੇਆਣਾ ਵੱਲੋਂ ਦੋ ਲੱਖ ਰੁਪਏ ਦਾ ਕਲੇਮ ਵਾਰਸਾਂ ਦੇ ਹਵਾਲੇ ਕਰ ਦਿੱਤਾ ਗਿਆ। ਉਸ ਸਮੇਂ ਚੀਫ ਮੈਨੇਜਰ ਪਿਯੂਸ਼ ਪੰਕਜ ਵੱਲੋਂ ਲੋਕਾਂ ਨੂੰ ਇਸ ਸਬੰਧੀ ਜਾਗਰੂਕ ਵੀ ਕੀਤਾ ਗਿਆ। ਇਸ ਸਮੇਂ ਬਰਾਂਚ ਮੈਨੇਜਰ ਰੋਹਿਤ ਕੁਮਾਰ,ਆਫਿਸਰ ਰੁਪਾਲੀ ਮੈਡਮ, ਮੈਡਮ ਮਨਜੀਤ ਕੌਰ ਅਤੇ ਗਨਮੈਨ ਬਲਕਰਨ ਸਿੰਘ ਤੇ ਸੁਖਮਨ ਕੌਰ ਹਾਜ਼ਰ ਸਨ ਤੇ ਇਸ ਸਮੇਂ ਜ਼ੋਨ ਆਫਿਸ ਤੋਂ ਗਗਨ ਛਾਵੜਾ ਤੇ ਪ੍ਰਤੀਕ ਜੈਨ ਸ਼ਾਮਿਲ ਸੀ।

# ਰਾਜਾ ਰਵੀ ਵਰਮਾ ਦੀ ਪੇਂਟਿੰਗ 'ਯਸ਼ੋਦਾ ਅਤੇ ਕ੍ਰਿਸ਼ਨਾ' ਨੇ ਤੋੜੇ ਰਿਕਾਰਡ, 167.20 ਕਰੋੜ ਵਿੱਚ ਵਿਕੀ

ਨਵੀਂ ਦਿੱਲੀ , 3 ਅਪ੍ਰੈਲ (ਚ.ਨ.ਸ.) : ਮਸ਼ਹੂਰ ਭਾਰਤੀ ਚਿੱਤਰਕਾਰ ਰਾਜਾ ਰਵੀ ਵਰਮਾ ਦੀ ਪੇਂਟਿੰਗ 'ਯਸ਼ੋਦਾ ਅਤੇ ਕ੍ਰਿਸ਼ਨਾ' ਮੁੰਬਈ ਵਿਚ ਸੈਫਰੋਨਆਰਟ ਦੀ ਸਪਰਿੰਗ ਲਾਈਵ ਨਿਲਾਮੀ ਵਿਚ ਰਿਕਾਰਡ 167.20 ਕਰੋੜ ਵਿਚ ਵਿਕ ਗਈ, ਜੋ ਕਿ ਨਿਲਾਮੀ ਵਿਚ ਵਿਕਣ ਵਾਲੀ ਆਧੁਨਿਕ ਭਾਰਤੀ ਕਲਾ ਦੀ ਹੁਣ ਤਕ ਦੀ ਸਭ ਤੋਂ ਵੱਧ ਕੀਮਤ ਵਾਲੀ ਰਚਨਾ ਬਣ ਗਈ।ਇਸ ਪੇਂਟਿੰਗ ਨੇ ਐਮਐਫ਼ ਹੁਸੈਨ ਦੀ ਬਿਨਾਂ ਸਿਰਲੇਖ ਵਾਲੀ (ਪਿੰਡ ਯਾਤਰਾ) ਪੇਂਟਿੰਗ ਦੇ ਪਿਛਲੇ ਰਿਕਾਰਡ ਨੂੰ ਤੋੜ ਦਿਤਾ, ਜੋ ਪਿਛਲੇ ਸਾਲ ਇਕ ਨਿਲਾਮੀ ਵਿਚ 118 ਕਰੋੜ ਤੋਂ ਵੱਧ ਵਿਚ ਵਿਕ ਗਈ ਸੀ।ਇਸ ਪੇਂਟਿੰਗ ਨੂੰ ਸੀਰਮ ਇੰਸਟੀਚਿਊਟ ਆਫ਼ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਡਾ. ਸਾਇਰਸ ਐਸ. ਪੂਨਾਵਾਲਾ ਨੇ ਖ਼ਰੀਦਿਆ।



# ਸਪਨਾ ਮੱਲ ਬਣੀ ਨੇਪਾਲ ਦੀ ਕਾਰਜਕਾਰੀ ਚੀਫ ਜਸਟਿਸ

ਕਾਠਮੰਡੂ, 3 ਅਪ੍ਰੈਲ (ਚ.ਨ.ਸ.): ਸੁਪਰੀਮ ਕੋਰਟ ਦੀ ਸੀਨੀਅਰ ਜੱਜ ਸਪਨਾ ਮੱਲ ਨੇ ਬੁੱਧਵਾਰ ਨੂੰ ਨੇਪਾਲ ਦੀ ਕਾਰਜਕਾਰੀ ਚੀਫ ਜਸਟਿਸ ਵਜੋਂ ਕਾਰਜ ਭਾਰ ਸੰਭਾਲਿਆ। 62 ਸਾਲਾ ਮੱਲ ਨੇ ਇਹ ਅਹੁਦਾ ਚੀਫ ਜਸਟਿਸ ਪ੍ਰਕਾਸ਼ ਮਾਨ ਸਿੰਘ ਰਾਉਤ ਦੇ ਸੇਵਾਮੁਕਤ ਹੋਣ ਤੋਂ ਬਾਅਦ ਸੰਭਾਲਿਆ ਹੈ।ਰਾਉਤ ਨੇ ਸੁਪਰੀਮ ਕੋਰਟ ਵਿਚ 8 ਸਾਲਾਂ ਤੱਕ ਜੱਜ ਵਜੋਂ ਸੇਵਾ ਨਿਭਾਉਣ ਤੋਂ ਬਾਅਦ 65 ਸਾਲ ਦੀ ਉਮਰ ਪੂਰੀ ਹੋਣ 'ਤੇ 31 ਮਾਰਚ ਨੂੰ ਅਹੁਦਾ ਛੱਡ ਦਿੱਤਾ। ਸੀਨੀਅਰ ਜੱਜ ਹੋਣ ਦੇ ਨਾਤੇ ਸਪਨਾ ਮੱਲ ਨੂੰ ਆਪਣੇ-ਆਪ ਹੀ ਸਰਵਉੱਚ ਨਿਆਇਕ ਅਹੁਦੇ ਦੀ ਅਗਵਾਈ ਕਰਨ ਦਾ ਅਧਿਕਾਰ ਮਿਲਿਆ।ਸਪਨਾ ਮੱਲ ਨੇ ਦਿੱਲੀ ਯੂਨੀਵਰਸਿਟੀ ਤੋਂ ਲਾਅ ਵਿਚ ਪੋਸਟ-ਗ੍ਰੈਜੂਏਸ਼ਨ (ਐੱਲਐੱਲ. ਐੱਮ.) ਦੀ ਡਿਗਰੀ ਹਾਸਲ ਕੀਤੀ ਹੈ। ਉਹ ਸੁਸ਼ੀਲਾ ਕਾਰਕੀ ਤੋਂ ਬਾਅਦ ਨੇਪਾਲ ਦੀ ਨਿਆਂਪਾਲਿਕਾ ਦੀ ਅਗਵਾਈ ਕਰਨ ਵਾਲੀ ਦੂਜੀ ਮਹਿਲਾ ਹੈ।







# ਕਣਕ ਦੇ ਖ਼ਰੀਦ ਸੀਜ਼ਨ ਦੇ ਮੱਦੇਨਜ਼ਰ ਮੰਡੀਆਂ ਦੀ ਚੈਕਿੰਗ ਲਈ ਕਲੱਸਟਰ ਅਫ਼ਸਰ ਨਿਯੁਕਤ : ਡਿਪਟੀ ਕਮਿਸ਼ਨਰ

ਬਰਨਾਲਾ, 3 ਅਪ੍ਰੈਲ (ਬਘੇਲ ਸਿੰਘ ਧਾਲੀਵਾਲ): ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਆਈ ਏ ਐੱਸ ਵਲੋਂ ਆਉਂਦੇ ਦਿਨੀਂ ਮੰਡੀਆਂ ਵਿੱਚ ਕਣਕ ਦੀ ਫ਼ਸਲ ਦੀ ਆਮਦ ਦੇ ਮੱਦੇਨਜ਼ਰ ਸੁਚੱਜੇ ਪ੍ਰਬੰਧ ਅਤੇ ਸੁਖਾਵੀਂ ਖਰੀਦ ਯਕੀਨੀ ਬਣਾਉਣ ਲਈ ਕਲੱਸਟਰ ਅਫ਼ਸਰ ਨਿਯੁਕਤ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਣਕ ਦੀ ਸਰਕਾਰੀ ਖਰੀਦ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋ ਗਈ ਹੈ। ਜ਼ਿਲ੍ਹਾ ਬਰਨਾਲਾ ਵਿੱਚ ਪਿਛਲੇ ਸਾਲ 10 ਅਪ੍ਰੈਲ ਦੇ ਆਸ - ਪਾਸ ਫ਼ਸਲ ਮੰਡੀਆਂ ਵਿੱਚ ਆਈ ਸੀ ਅਤੇ ਇਸ ਵਾਰ ਮੌਸਮ ਦੇ ਵਿਗੜੇ ਮਿਜ਼ਾਜ ਕਰਕੇ 15 ਅਪ੍ਰੈਲ ਦੇ ਆਸ - ਪਾਸ ਫ਼ਸਲ ਦੀ ਆਮਦ ਦੀ ਉਮੀਦ ਹੈ। ਓਹਨਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਵਿੱਚ ਪੰਜ ਮਾਰਕੀਟ ਕਮੇਟੀਆਂ ਅਧੀਨ 104 ਮੰਡੀਆਂ ਤੋਂ ਇਲਾਵਾ 45 ਆਰਜ਼ੀ ਖ਼ਰੀਦ ਕੇਂਦਰਾਂ ਵਿੱਚ ਕਣਕ ਦੀ ਖ਼ਰੀਦ ਕੀਤੀ ਜਾਵੇਗੀ। ਪਿਛਲੇ ਹਾੜ੍ਹੀ ਦੇ ਸੀਜ਼ਨ ਵਿੱਚ 475536 ਮੀਟ੍ਰਿਕ ਟਨ ਫ਼ਸਲ ਦੀ ਆਮਦ ਹੋਈ ਸੀ ਅਤੇ ਇਸ ਸੀਜ਼ਨ ਵਿੱਚ 486951 ਮੀਟ੍ਰਿਕ ਟਨ ਕਣਕ ਦੀ ਆਮਦ ਦੀ ਉਮੀਦ ਹੈ। ਓਹਨਾਂ ਦੱਸਿਆ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਫ਼ਸਲ ਲਿਆਉਣ ਅਤੇ ਵੇਚਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ, ਇਸ ਦੇ ਮੱਦੇਨਜ਼ਰ ਮੰਡੀਆਂ ਦੀ ਚੈਕਿੰਗ ਲਈ ਸਹਾਇਕ ਕਮਿਸ਼ਨਰ (ਜ) ਬਰਨਾਲਾ, ਐੱਸ ਡੀ ਐੱਮ ਬਰਨਾਲਾ, ਐੱਸ ਡੀ ਐੱਮ ਤਪਾ ਅਤੇ ਐੱਸ ਡੀ ਐੱਮ ਮਹਿਲ ਕਲਾਂ ਦੀ ਅਗਵਾਈ ਹੇਠ 15 ਕਲੱਸਟਰ ਅਫ਼ਸਰ ਤਾਇਨਾਤ ਕੀਤੇ ਗਏ ਹਨ ਜਿਨ੍ਹਾਂ ਨੂੰ ਵੱਖ ਵੱਖ ਮੰਡੀਆਂ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ ਅਤੇ ਉਹ ਮੰਡੀਆਂ ਦੀ ਚੈਕਿੰਗ ਯਕੀਨੀ ਬਣਾਉਣਗੇ। ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਮੰਡੀ ਅਫ਼ਸਰ ਅਤੇ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਨੂੰ ਹਦਾਇਤ ਕੀਤੀ ਗਈ ਕਿ ਮੰਡੀਆਂ ਵਿੱਚ ਫੜਾਂ ਦੀ ਸਫਾਈ, ਬਿਜਲੀ, ਪਾਣੀ, ਛਾਂ, ਪਖਾਨੇ, ਬਾਰਦਾਨੇ ਆਦਿ ਸਮੇਤ ਸਾਰੇ ਪ੍ਰਬੰਧ ਯਕੀਨੀ ਬਣਾਏ ਜਾਣ। ਇਸ ਮੌਕੇ ਉਹਨਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਖੇਤਾਂ ਵਿੱਚ ਬਿਜਲੀ ਦੇ ਖੰਭਿਆਂ, ਟਰਾਂਸਫਾਰਮਰਾਂ ਨੇੜੇ ਮਰਲਾ ਜਗ੍ਹਾ ਵਿਚ ਫ਼ਸਲ ਦੀ ਕਟਾਈ ਪਹਿਲਾਂ ਕਰ ਲੈਣ ਤਾਂ ਜੋ ਤਾਂ ਜੋ ਚੰਗਿਆੜੀ ਡਿੱਗਣ ਦੀ ਸੂਰਤ ਵਿੱਚ ਨੁਕਸਾਨ ਤੋਂ ਬਚਿਆ ਜਾ ਸਕੇ। ਇਸ ਤੋਂ ਇਲਾਵਾ ਟਿਊਬਵੈਲਾਂ ਵਾਲੀਆਂ ਡਿੱਗੀਆਂ ਅਤੇ ਟਰੈਕਟਰ ਆਪਰੇਟਡ ਸਪਰੇਅਰ ਟੈਂਕਰਾਂ ਵਿੱਚ ਪਾਣੀ ਭਰ ਕੇ ਰੱਖਣ, ਤਾਂ ਜੋ ਲੋੜ ਪੈਣ 'ਤੇ ਵਰਤਿਆ ਜਾ ਸਕੇ।

# ਜਨਗਣਨਾ-2027 ਤਹਿਤ ਫੀਲਡ ਟ੍ਰੇਨਰਾਂ ਦੀ ਤਿੰਨ ਰੋਜ਼ਾ ਟ੍ਰੇਨਿੰਗ ਜਾਰੀ



ਬਰਨਾਲਾ, 3 ਅਪ੍ਰੈਲ (ਬਘੇਲ ਸਿੰਘ ਧਾਲੀਵਾਲ) : ਜਨਗਣਨਾ-2027 ਲਈ ਜ਼ਿਲ੍ਹਾ ਬਰਨਾਲਾ ਵਿੱਚ ਪਹਿਲੇ ਪੜਾਅ ਤਹਿਤ ਫੀਲਡ ਟ੍ਰੇਨਰਾਂ ਦੀ ਤਿੰਨ ਦਿਨਾਂ ਦੀ ਵਿਸ਼ੇਸ਼ ਟ੍ਰੇਨਿੰਗ ਜਾਰੀ ਹੈ, ਜੋ ਕਿ 4 ਅਪ੍ਰੈਲ ਨੂੰ ਮੁਕੰਮਲ ਹੋਣੀ ਹੈ। ਇਸ ਸਿਖਲਾਈ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਵਿਵੇਕ ਕੁਮਾਰ ਮੋਦੀ ਆਈ ਏ ਐੱਸ ਨੇ ਫੀਲਡ ਟ੍ਰੇਨਰਾਂ ਨਾਲ ਜਨਗਣਨਾ ਦੇ ਵੱਖ ਵੱਖ ਪੜਾਵਾਂ ਬਾਰੇ ਚਰਚਾ ਕੀਤੀ। ਓਹਨਾਂ ਕਿਹਾ ਕਿ ਫੀਲਡ ਟ੍ਰੇਨਰ ਪੂਰੀ ਸੰਜੀਦਗੀ ਨਾਲ ਜਨਗਣਨਾ-2027 ਲਈ ਸਿਖਲਾਈ ਲੈਣ, ਤਾਂ ਜੋ ਉਹ ਵਧੀਆ ਤਰੀਕੇ ਨਾਲ ਆਪਣੀ ਜ਼ਿੰਮੇਵਾਰੀ ਨਿਭਾਅ ਸਕਣ। ਇਸ ਮੌਕੇ ਡਾਇਰੈਕਟੋਰੇਟ ਆਫ ਸੈਂਸਸ ਤੋਂ ਲਵਦੀਪ ਸਿੰਘ ਅਤੇ ਸੁਖਵਿੰਦਰ ਸਿੰਘ ਲੈਕਚਰਾਰ ਵੱਲੋਂ ਦੱਸਿਆ ਗਿਆ ਕਿ ਪੰਜਾਬ ਰਾਜ ਵਿਚ ਹਾਊਸ ਲਿਸਟਿੰਗ ਦੀ ਪ੍ਰਕਿਰਿਆ 15 ਮਈ ਤੋਂ 13 ਜੂਨ 2026 ਤੱਕ ਕੀਤੀ ਜਾਵੇਗੀ ਅਤੇ ਸੈਲਫ਼-ਇਨਯੂਮਰੇਸ਼ਨ ਦੀ ਸੁਵਿਧਾ ਵੀ ਉਪਲੱਬਧ ਰਹੇਗੀ, ਜਿਸ ਸਬੰਧੀ ਪੋਰਟਲ 30 ਅਪ੍ਰੈਲ ਤੋਂ 13 ਮਈ 2026 ਤੱਕ ਪੋਰਟਲ ਖੋਲ੍ਹਿਆ ਜਾਵੇਗਾ, ਜਿਸ ਰਾਹੀਂ ਹਰ ਵਿਅਕਤੀ ਆਪਣੇ ਪਰਿਵਾਰ ਦੀ ਜਾਣਕਾਰੀ ਆਨਲਾਈਨ ਦਰਜ ਕਰ ਸਕੇਗਾ। ਉਨ੍ਹਾਂ ਦੱਸਿਆ ਕਿ ਜਨਗਣਨਾ ਦੀ ਪੂਰੀ ਕਾਰਵਾਈ ਡਿਜੀਟਲ ਮੋਡ ਰਾਹੀਂ ਮੁਕੰਮਲ ਕਰਵਾਈ ਜਾਵੇਗੀ। ਇਸ ਮੌਕੇ ਆਮ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਜਨਗਣਨਾ -2027 ਦੇ ਕੰਮ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੂਰਾ ਸਹਿਯੋਗ ਦਿੱਤਾ ਜਾਵੇ।

# ਜੇਜੀ ਕਾਲਜ ਦੇ ਵਿਦਿਆਰਥੀਆਂ ਨੇ ਪੁਸਤਕ ਮੇਲੇ 'ਚ ਕੀਤੀ ਸ਼ਿਰਕਤ



ਲਹਿਰਾਗਾਗਾ, 3 ਅਪ੍ਰੈਲ (ਗੁਰਦੀਪ ਸਿੰਘ): ਪਿਛਲੇ ਦਿਨੀਂ ਬਾਬਾ ਨਾਨਕ ਐਜੂਕੇਸ਼ਨਲ ਸੋਸਾਇਟੀ ਦੇ ਚੇਅਰਮੈਨ ਇੰਦਰਜੀਤ ਸਿੰਘ ਜੇਜੀ ਤੇ ਹਰਮਨ ਜੇਜੀ ਵੱਲੋਂ ਚਲਾਏ ਜਾ ਰਹੇ ਜਸਮੇਰ ਸਿੰਘ ਜੇਜੀ ਕਾਲਜ ਗੁਰਨੇ ਕਲਾਂ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਵਿਖੇ ਚੱਲ ਰਹੇ ਪੰਜ ਰੋਜ਼ਾ ਪੁਸਤਕ ਮੇਲੇ 'ਚ ਭਾਗ ਲਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਪ੍ਰੋ. ਅਮਨਦੀਪ ਸਿੰਘ ਨੇ ਕਿਹਾ ਕਿ ਇਹ ਪੁਸਤਕ ਮੇਲਾ 30 ਮਾਰਚ ਤੋਂ ਲੈਕੇ 3 ਅਪ੍ਰੈਲ ਤੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਚੱਲ ਰਿਹਾ ਹੈ,ਜਿੱਥੇ ਵਿਦਿਆਰਥੀਆਂ ਨੇ ਕਿਤਾਬਾਂ ਖਰੀਦਣ ਦੇ ਨਾਲ ਨਾਲ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਕਲਾਕ੍ਰਿਤੀਆਂ ਦਾ ਆਨੰਦ ਮਾਣਿਆ। ਅਜਿਹੇ ਪੁਸਤਕ ਮੇਲੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਜ਼ਰੂਰੀ ਹਨ। ਇਸ ਨਾਲ ਵਿਦਿਆਰਥੀਆਂ 'ਚ ਪੜ੍ਹਨ ਦੀ ਰੁਚੀ ਪ੍ਰਬਲ ਹੁੰਦੀ ਹੈ।ਇਸ ਸੰਬਧੀ ਕਾਲਜ ਦੇ ਮੁੱਖ ਸਲਾਹਕਾਰ ਪ੍ਰੋ. ਹਰਦੀਪ ਸਿੰਘ, ਸੁਪਰਡੈਂਟ ਜਸਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦੇ ਹਨ, ਤਾਂ ਜੋ ਸਾਡੇ ਵਿਦਿਆਰਥੀ ਵੱਧ ਤੋਂ ਵੱਧ ਗਿਆਨ ਹਾਸਲ ਕਰ ਕਰਕੇ ਆਪਣੇ ਸੁਪਨੇ ਪੂਰੇ ਕਰ ਸਕਣ।ਇਸ ਪੁਸਤਕ ਮੇਲੇ ਦੌਰਾਨ ਵਿਦਿਆਰਥੀਆਂ ਦੇ ਨਾਲ ਪ੍ਰੋ. ਬਲਕਾਰ ਸਿੰਘ, ਪ੍ਰੋ. ਮੱਖਣ ਸਿੰਘ, ਪ੍ਰੋ. ਜਗਸੀਰ ਸਿੰਘ ਤੇ ਪ੍ਰੋ. ਸੁਖਦੀਪ ਸਿੰਘ ਮੌਜੂਦ ਰਹੇ, ਜਿੰਨਾ ਨੇ ਵਿਦਿਆਰਥੀਆਂ ਨੂੰ ਪੁਸਤਕਾਂ ਦੇ ਨਾਲ ਨਾਲ ਯੂਨੀਵਰਸਿਟੀ ਦੇ ਵੱਖ ਵੱਖ ਵਿਭਾਗਾਂ ਤੇ ਲਾਇਬ੍ਰੇਰੀ ਸਹੂਲਤਾਂ ਵਾਰੇ ਜਾਣਕਾਰੀ ਮੁਹੱਈਆ ਕਰਵਾਈ।

# ਮੀਰੀ ਪੀਰੀ ਖ਼ਾਲਸਾ ਕਾਲਜ ਭਦੌੜ ਦਾ ਬੀ.ਏ. ਦਾ ਨਤੀਜਾ ਰਿਹਾ ਸ਼ਾਨਦਾਰ



ਸ਼ਰਨਜੀਤ ਕੌਰ ਜਸਮੀਨ ਕੌਰ ਸੰਦੀਪ ਕੌਰ

ਭਦੌੜ, 3 ਅਪ੍ਰੈਲ (ਸੁਖਵਿੰਦਰ ਪਲਾਹਾ) : ਪਿਛਲੇ ਦਿਨੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀ. ਏ. ਭਾਗ ਪਹਿਲਾ ਦੇ ਸਮੈਸਟਰ ਦੂਜੇ ਦਾ ਨਤੀਜਾ ਐਲਾਨਿਆ ਗਿਆ ਅਤੇ ਮੀਰੀ ਪੀਰੀ ਖਾਲਸਾ ਕਾਲਜ ਭਦੌੜ ਦੇ ਵਿਦਿਆਰਥੀਆਂ ਨੇ ਇਹਨਾਂ ਆਏ ਨਤੀਜਿਆਂ ਵਿੱਚ ਸ਼ਾਨਦਾਰ ਪੁਜੀਸ਼ਨਾਂ ਹਾਸਿਲ ਕੀਤੀਆਂ ਹਨ।ਕਲਾਸ ਇੰਚਾਰਜ ਪ੍ਰੋ. ਸਿਮਰਜੀਤ ਕੌਰ ਅਤੇ ਪ੍ਰੋ. ਰਾਜਨਦੀਪ ਕੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਵਾਰ ਦੀ ਤਰਾਂ ਇਸ ਵਾਰ ਵੀ ਸੰਸਥਾ ਦਾ ਨਤੀਜਾ ਸ਼ਾਨਦਾਰ ਰਿਹਾ। ਜਿਸ ਵਿੱਚ ਵਿਦਿਆਰਥਣ ਸ਼ਰਨਜੀਤ ਕੌਰ ਨੇਂ ਸੀ. ਜੀ. ਪੀ. ਏ. 8.60 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਜਸਮੀਨ ਕੌਰ ਨੇ ਸੀ. ਜੀ. ਪੀ. ਏ. 8.50 ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਅਤੇ ਵਿਦਿਆਰਥਣ ਸੰਦੀਪ ਕੌਰ ਨੇ ਸੀ. ਜੀ. ਪੀ. ਏ. 8.40 ਅੰਕ ਪ੍ਰਾਪਤ ਕਰਕੇ, ਤੀਸਰਾ ਸਥਾਨ ਹਾਸਲ ਕਰਦਿਆਂ ਸੰਸਥਾ ਦਾ ਨਾਮ ਰੌਸ਼ਨ ਕੀਤਾ। ਕਾਲਜ ਪ੍ਰਿੰਸੀਪਲ ਸ. ਮਲਵਿੰਦਰ ਸਿੰਘ ਨੇ ਇਸ ਨਤੀਜੇ ਤੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਇਹ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ - ਪਿਤਾ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਖ਼ਤ ਮਿਹਨਤ ਕਰਕੇ ਵਧੀਆ ਮੁਕਾਮ ਤੇ ਪਹੁੰਚਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰੋ. ਸਿਮਰਜੀਤ ਕੌਰ, ਪ੍ਰੋ. ਰਾਜਨਦੀਪ ਕੌਰ, ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਹਾਈ ਕੋਰਟ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੀ ਆਂਗਨਵਾੜੀ ਵਰਕਰ ਦੀ ਜ਼ਮਾਨਤ ਅਰਜ਼ੀ ਖਾਰਿਜ

ਧਨੌਲਾ, 3 ਅਪ੍ਰੈਲ (ਚਮਕੌਰ ਸਿੰਘ ਗੱਗੀ) : ਬੇਰੁਜਗਾਰ ਭੋਲੇ ਭਾਲੇ ਨੌਜਵਾਨ ਲੜਕੇ ਲੜਕੀਆਂ ਨੂੰ ਹਾਈਕੋਰਟ ਵਿੱਚ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ ਲੱਖਾਂ ਦੀ ਕਥਿਤ ਠੱਗੀ ਮਾਰਨ ਵਾਲੀ ਧਨੌਲਾ ਦੀ ਆਂਗਨਵਾੜੀ ਵਰਕਰ ਵੀਰਪਾਲ ਕੌਰ ਦੀ ਜਮਾਨਤ ਅਰਜੀ ਬਰਨਾਲਾ ਅਦਾਲਤ ਵਲੋਂ ਰੱਦ ਕਰ ਦਿੱਤੀ ਗਈ, ਜਾਣਕਾਰੀ ਅਨੁਸਾਰ ਧਨੌਲਾ ਦੀ ਇੱਕ ਆਂਗਨਵਾੜੀ ਵਰਕਰ ਵੀਰਪਾਲ ਕੌਰ ਵੱਲੋਂ ਆਪਣੇ ਪਤੀ ਨਾਲ ਮਿਲ ਕੇ ਹਾਈ ਕੋਰਟ ਵਿੱਚ ਨੌਕਰੀ ਲਗਵਾਉਣ ਦਾ ਝਾਂਸਾ ਦੇ ਕੇ ਕਈ ਬੇਰੁਜ਼ਗਾਰ ਨੌਜਵਾਨਾਂ ਤੋਂ ਲੱਖਾਂ ਰੁਪਏ ਦੀ ਕਥਿਤ ਠੱਗੀ ਕੀਤੀ ਗਈ ਹੈ। ਪੀੜਤਾਂ ਦੀਆਂ ਸ਼ਿਕਾਇਤਾਂ 'ਤੇ ਪੁਲਿਸ ਨੇ ਬਰਨਾਲਾ ਸਿਟੀ ਇਕ ਵਿੱਚ ਮੁੱਕਦਮਾ ਨੰਬਰ 86 ਠੱਗੀ ਮਾਰਨ ਸਮੇਤ ਜਾਅਲੀ ਦਸਤਾਵੇਜ਼ ਬਣਾਉਣ ਦੀਆਂ ਧਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ, ਇਸ ਮਾਮਲੇ ਵਿੱਚ ਦੋ ਦਰਜਨ ਦੇ ਕਰੀਬ ਪੀੜਤ ਲੋਕ ਸਾਹਮਣੇ ਆਏ, ਜਿਹਨਾਂ ਦੇ ਬਿਆਨਾਂ ਦੇ ਆਧਾਰ 'ਤੇ ਆਂਗਨਵਾੜੀ ਵਰਕਰ ਵੀਰਪਾਲ ਕੌਰ ਦੇ ਪਤੀ ਨੂੰ ਗਿਰਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ, ਜਦੋਂਕਿ ਆਂਗਨਵਾੜੀ ਵਰਕਰ ਵੀਰਪਾਲ ਕੌਰ,ਅਤੇ ਉਸ ਦਾ ਬੇਟਾ ਸਮੇਤ ਇੱਕ ਹੋਰ ਔਰਤ ਗੁਰਪ੍ਰੀਤ ਕੌਰ ਇਸ ਵੇਲੇ ਫਰਾਰ ਦੱਸੀ ਜਾ ਰਹੀ ਹੈ, ਜਿਹਨਾਂ ਵੱਲੋਂ ਬਰਨਾਲਾ ਅਦਾਲਤ ਵਿੱਚ ਗ੍ਰਿਫ਼ਤਾਰੀ ਤੋਂ ਬਚਣ ਲਈ ਅਗਾਊ ਜ਼ਮਾਨਤ ਅਰਜੀ ਲਾਈ ਸੀ, ਪਰ ਅਦਾਲਤ ਵੱਲੋਂ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਇਕ ਅਰਜੀ ਖਾਰਿਜ ਕਰ ਦਿੱਤੀ, ਵਕੀਲਾਂ ਮੁਤਾਬਿਕ ਹੀ ਇਹਨਾਂ ਨੂੰ ਮਾਣਯੋਗ ਹਾਈਕੋਰਟ ਵਿੱਚ ਜ਼ਮਾਨਤ ਲਈ ਅਰਜੀ ਦਾਇਰ ਕਰਨੀ ਹੋਵੇਗੀ, ਜਿਕਰਯੋਗ ਹੈ ਕਿ ਆਂਗਨਵਾੜੀ ਵਰਕਰ ਵੀਰਪਾਲ ਕੌਰ ਇਸ ਮੁਕਦਮੇ ਤੋਂ ਬਾਅਦ ਆਪਣੇ ਸੈਂਟਰ ਵਿੱਚੋਂ ਵੀ ਗੈਰਹਾਜ਼ਰ ਹੈ।

# ਰਾਮ ਨੌਮੀ ਸਬੰਧੀ ਹੋਇਆ ਰਸਮਈ ਸੰਕੀਰਤਨ


ਲਹਿਰਾਗਾਗਾ, 3 ਅਪ੍ਰੈਲ (ਗੁਰਦੀਪ ਸਿੰਘ) ਸ੍ਰੀ ਰਾਮ ਨੌਮੀ ਦੇ ਸਬੰਧ ਵਿੱਚ ਸ੍ਰੀ ਸਨਾਤਨ ਧਰਮ ਉਤਸਵ ਅਤੇ ਯੂਥ ਵੈਲਫੇਅਰ ਕਮੇਟੀ ਲਹਿਰਾਗਾਗਾ ਵੱਲੋਂ ਸਥਾਨਕ ਸ੍ਰੀ ਸਨਾਤਨ ਧਰਮ ਮੰਦਰ ਵਿਖੇ ਰਸਮਈ ਸੰਕੀਰਤਨ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਬਰਿੰਦਰ ਗੋਇਲ ਦੀ ਧਰਮ ਪਤਨੀ ਸੀਮਾ ਗੋਇਲ ਅਤੇ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਓਐਸਡੀ ਰਵਿੰਦਰ ਸਿੰਘ ਟੁਰਨਾ, 'ਆਪ' ਆਗੂ ਅਜੇ ਕੁਮਾਰ ਠੋਲੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਸਮੇਂ ਰਜਨੀ ਧੀਮਾਨ ਅਤੇ ਰਮੇਸ਼ਵਰ ਸ਼ਰਮਾਂ ਨੇ ਸ੍ਰੀ ਰਾਮ ਚੰਦਰ ਜੀ ਦਾ ਗੁਣਗਾਨ ਕਰਦਿਆਂ ਉਨ੍ਹਾਂ ਦੇ ਜੀਵਨ ਦਾ ਖੁੱਲ ਕੇ ਵਰਨਣ ਕੀਤਾ। ਅੱਜ ਭੋਗ ਸਮੇਂ ਭੰਡਾਰਾ ਅਟੁੱਟ ਵਰਤਾਇਆ ਗਿਆ। ਇਸ ਸਮੇਂ ਕਮੇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਮੰਟੂ, ਚੇਅਰਮੈਨ, ਮੈਂਬਰ ਵਿਨੋਦ ਕੁਮਾਰ ਸਿੰਗਲਾ, ਜੈ ਨਰਾਇਣ, ਹੇਮੰਤ ਹਨੀ, ਸੁਰਿੰਦਰ ਪਾਲ ਸ਼ਿੰਦੀ,ਕਾਲਾ ਅੰਬਾਨੀ, ਨਰਾਤਾ ਰਾਮ, ਡਾਕਟਰ ਰਾਹੁਲ ਮਿੱਤਲ, ਅਮਿਤ ਕੁਮਾਰ ਬਿੰਨੂ, ਗਗਨ, ਡਾਕਟਰ ਅਸ਼ੋਕ, ਅਮਿਤ ਕੁਮਾਰ ,ਰੱਜਤ ਗੋਇਲ, ਵਿੱਕੀ, ਅਜੇ ਕੁਮਾਰ, ਡਾਕਟਰ ਮੁਕੇਸ਼, ਨਿਤਿਨ ਕੁਮਾਰ ਭੱਠੇ ਵਾਲੇ, ਮੰਗਤ ਰਾਏ ਵਕੀਲ, ਪ੍ਰਮੋਦ ਕੁਮਾਰ, ਲਿਪਸੀ,ਡਾਕਟਰ ਚੰਚਲ ਅਤੇ ਕੁਲਦੀਪ ਕੁਮਾਰ ਫਲੇੜੇ ਵਾਲਿਆਂ ਨੇ ਇਸ ਕਥਾ ਦੀ ਸ਼ੁਰੂਆਤ ਤੋਂ ਲੈ ਕੇ ਭੰਡਾਰੇ ਤੱਕ ਪੂਰਨ ਪ੍ਰਬੰਧ ਕੀਤੇ ਹੋਏ ਸਨ। ਮੁੱਖ ਮਹਿਮਾਨਾਂ ਨੇ ਹਾਜ਼ਰ ਸ਼ਰਧਾਲੂਆਂ ਨੂੰ ਕਿਹਾ ਕਿ ਆਪਾਂ ਨੂੰ ਸ੍ਰੀ ਰਾਮ ਚੰਦਰ ਜੀ ਦੇ ਦਰਸਾਏ ਮਾਰਗ "ਤੇ ਚਲਨਾ ਚਾਹੀਦਾ ਹੈ, ਤਾਂ ਜੋ ਆਪਣਾ ਜੀਵਨ ਸਫ਼ਲ ਅਤੇ ਉਸਾਰੂ ਬਣ ਸਕੇ।

# ਨੌਵੀਂ ਪਾਤਸ਼ਾਹੀ ਗੁਰਦੁਆਰਾ ਢਿੱਲਵਾਂ ਵਿਖੇ ਵਿਸਾਖੀ ਦੀਆਂ ਤਿਆਰੀਆਂ ਸ਼ੁਰੂ



ਤਪਾ ਮੰਡੀ, 3 ਅਪ੍ਰੈਲ (ਭੂਸ਼ਨ ਘੜੈਲਾ / ਰਾਜੂ ਮਹਿਰਾ) : ਨੌਵੀ ਪਾਤਸ਼ਾਹੀ ਗੁਰਦੁਆਰਾ ਢਿੱਲਵਾਂ ਵਿਖੇ ਵਿਸਾਖੀ ਦਾ ਦਿਹਾੜਾ ਮਨਾਉਣ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ। ਗੁਰਦੁਆਰਾ ਸਾਹਿਬ ਢਿੱਲਵਾਂ ਦੇ ਰਸੀਵਰ ਕੁਲਦੀਪ ਸਿੰਘ ਢਿੱਲਵਾਂ ਨੇ ਦੱਸਿਆਂ ਕਿ ਵਿਸ਼ਾਖੀ ਦਾ ਮਹੱਤਵਪੂਰਨ ਵਾਢੀ ਦਾ ਤਿਉਹਾਰ ਹੈ। ਇਸ ਮੌਕੇ ਰਸੀਵਰ ਕੁਲਦੀਪ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਹਿੰਦੂਆਂ ਅਤੇ ਸਿੱਖਾਂ ਦਾ ਇੱਕ ਸਾਂਝਾਂ ਤੇ ਮਹੱਤਵਪੂਰਨ ਤਿਉਹਾਰ ਹੈ ਇਹ ਹਰ ਸਾਲ 13 ਜਾਂ 14 ਅਪ੍ਰੈਲ ਨੂੰ ਹੁੰਦਾ ਹੈ, ਜੋ ਕਿ ਕਿਸਾਨਾਂ ਲਈ ਵਾਢੀ ਦੇ ਸੀਜ਼ਨ ਦੀ ਸ਼ੁਰੂਆਤ ਦੇ ਨਾਲ-ਨਾਲ ਰਵਾਇਤੀ ਬਿਕਰਮ ਕੈਲੰਡਰ ਵਿੱਚ ਨਵੇਂ ਸਾਲ ਨੂੰ ਦਰਸਾਉਂਦਾ ਹੈ।ਓਨਾਂ ਨੇ ਕਿਹਾ ਕਿ ਨੌਵੀ ਪਾਤਸ਼ਾਹੀ ਗੁਰਦੁਵਾਰਾ ਢਿੱਲਵਾਂ ਵਿਖੇ ਖੇਤਰ ਦੀ ਸਿੱਖ ਸੰਗਤ ਵੱਲੋਂ ਸੇਵਾ ਕੀਤੀ ਜਾਦੀ ਹੈ ਹਰ ਸਾਲ ਦੀ ਤਰ੍ਹਾ ਇਸ ਸਾਲ ਵੀ ਵਿਸ਼ਾਖੀ ਦਾ ਦਿਹਾੜਾ ਬੜੇ ਹੀ ਧੂਮਧਾਮ ਅਤੇ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ ਅਤੇ ਢਿੱਲਵਾਂ ਵਿਖੇ ਨੌਵੀ ਪਾਤਸਾਹੀ ਗੁਰਦੁਆਰਾ ਵਿਸਾਖੀ ਤਿਆਰੀਆਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।

# ਆਰੀਆ ਭੱਟ ਗਰੁੱਪ ਆਫ਼ ਇੰਸਟੀਚਿਊਟਸ ਦੇ MBA ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ



ਬਰਨਾਲਾ, 3 ਅਪ੍ਰੈਲ (ਬਘੇਲ ਸਿੰਘ ਧਾਲੀਵਾਲ) : ਆਰੀਆਭਟ ਗਰੁੱਪ ਆਫ ਇੰਸਟੀਚਿਊਟਸ ਦੇ MBA ਪਹਿਲੇ ਅਤੇ ਤੀਜੇ ਸਮੈਸਟਰ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਸਫਲਤਾ ਹਾਸਲ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ। ਵਿਦਿਆਰਥੀਆਂ ਨੇ ਆਪਣੀ ਲਗਨ, ਕੜੀ ਮਿਹਨਤ ਅਤੇ ਅਕਾਦਮਿਕ ਉਤਕ੍ਰਿਸ਼ਟਤਾ ਦੇ ਜ਼ਰੀਏ ਉੱਚ ਸਥਾਨ ਪ੍ਰਾਪਤ ਕੀਤੇ। ਪਹਿਲਾ ਸਮੈਸਟਰ ਨਤੀਜੇ: ਪਹਿਲੇ ਸਮੈਸਟਰ ਵਿੱਚ ਜਸ਼ਨਦੀਪ ਕੌਰ (ਪਿਤਾ: ਜਗਰਾਜ ਸਿੰਘ, SGPA 8.33) ਨੇ ਪਹਿਲਾ ਸਥਾਨ ਹਾਸਲ ਕੀਤਾ। ਜੰਨਤ ਖੁਰਮੀ (ਪਿਤਾ: ਜਤੀਂਦਰ ਕੁਮਾਰ, SGPA 8.17) ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਮਾਨਸੀ ਗੋਇਲ (ਪਿਤਾ: ਰਾਕੇਸ਼ ਕੁਮਾਰ, SGPA 8.08) ਤੀਜੇ ਸਥਾਨ 'ਤੇ ਰਹੀ। ਤੀਜਾ ਸਮੈਸਟਰ ਨਤੀਜੇ: ਤੀਜੇ ਸਮੈਸਟਰ ਵਿੱਚ ਨਵਰੀਤ ਸ਼ਰਮਾ (ਪਿਤਾ: ਦਵਿੰਦਰ ਕੁਮਾਰ, SGPA 8.46) ਅਤੇ ਪ੍ਰਿਯੰਕਾ ਸਿੰਗਲਾ (ਪਿਤਾ: ਰਾਜ ਕੁਮਾਰ, SGPA 8.46) ਨੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ। ਜਸਪਿੰਦਰ ਕੌਰ (ਪਿਤਾ: ਗੁਰਸੇਵਕ ਸਿੰਘ, SGPA 8.38) ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਵੀਰਪਾਲ ਕੌਰ (ਪਿਤਾ: ਜੁਗਰਾਜ ਸਿੰਘ, SGPA 8.08) ਤੀਜੇ ਸਥਾਨ 'ਤੇ ਰਹੀ। ਇਸ ਮੌਕੇ ਸੰਸਥਾ ਦੇ ਚੇਅਰਮੈਨ ਇਰ. ਰਾਕੇਸ਼ ਗੁਪਤਾ, ਡਾਇਰੈਕਟਰ ਡਾ. ਅਜੈ ਮਿੱਤਲ, ਡੀਨ ਅਕਾਦਮਿਕ ਡਾ. ਭਾਵੇਸ਼ ਗਰਗ ਅਤੇ ਮੈਨੇਜਮੈਂਟ ਵਿਭਾਗ ਦੇ ਮੁਖੀ ਡਾ. ਜਸ਼ਨ ਜੋਤ ਨੇ ਸਫਲ ਵਿਦਿਆਰਥੀਆਂ ਨੂੰ ਦਿਲੋਂ ਮੁਬਾਰਕਬਾਦ ਦਿੱਤੀ। ਉਨ੍ਹਾਂ ਨੇ ਵਿਦਿਆਰਥੀਆਂ ਦੀ ਮਿਹਨਤ ਅਤੇ ਲਗਨ ਦੀ ਭਰਪੂਰ ਸਰਾਹਨਾ ਕਰਦੇ ਹੋਏ ਹੋਰ ਵਿਦਿਆਰਥੀਆਂ ਨੂੰ ਵੀ ਉੱਚ ਲਕਸ਼ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਸੰਸਥਾ ਵੱਲੋਂ ਸਾਰੇ ਸਫਲ ਵਿਦਿਆਰਥੀਆਂ ਨੂੰ ਦਿਲੋਂ ਵਧਾਈਆਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੇ ਰੌਸ਼ਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

# ਤਪਾ ਨਗਰ ਕੌਂਸਲ ਦੇ ਸਫ਼ਾਈ ਸੇਵਕਾਂ ਵੱਲੋਂ ਨਵੀਂ ਟੀਮ ਦੀ ਚੋਣ



ਤਪਾ ਮੰਡੀ, 3 ਅਪ੍ਰੈਲ (ਭੂਸ਼ਨ ਘੜੈਲਾ / ਰਾਜੂ ਮਹਿਰਾ) : ਨਗਰ ਕੌਂਸਲ ਤਪਾ ਦੇ ਸਫਾਈ ਸੇਵਕਾਂ ਦੀ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਰਾਜ ਕੁਮਾਰ ਰਫੀ ਅਤੇ ਮੀਤ ਪ੍ਰਧਾਨ ਰਾਜ ਕੁਮਾਰ ਕਾਗੜਾ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਸਫਾਈ ਸੇਵਕ ਯੂਨੀਅਨ (ਕੰਟਰੈਕਟ ਅਤੇ ਆਊਟਸੋਰਸ) ਲਈ ਨਵੀਂ ਕਾਰਜਕਾਰੀ ਕਮੇਟੀ ਦੀ ਚੋਣ ਕੀਤੀ ਗਈ। ਇਸ ਦੌਰਾਨ ਸਿਕੰਦਰ ਰਾਮ ਨੂੰ ਪ੍ਰਧਾਨ, ਅਰਜਨ ਰਾਮ ਕਾਲੀ ਨੂੰ ਮੀਤ ਪ੍ਰਧਾਨ ਅਤੇ ਅਜੈ ਕੁਮਾਰ ਨੂੰ ਖਜਾਨਚੀ ਚੁਣਿਆ ਗਿਆ। ਇਸ ਤੋਂ ਇਲਾਵਾ ਸੁਲਿੰਦਰ ਕੁਮਾਰ ਨੂੰ ਕੈਸ਼ੀਅਰ ਅਤੇ ਸ਼ੁਮਨਦੀਪ ਕਲਿਆਣ ਨੂੰ ਸਕੱਤਰ ਵਜੋਂ ਜ਼ਿੰਮੇਵਾਰੀ ਸੌਂਪੀ ਗਈ। ਚੁਣੇ ਗਏ ਸਾਰੇ ਅਹੁਦੇਦਾਰਾਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਉਹਨਾਂ ਨੂੰ ਦਿੱਤੀਆਂ ਗਈਆਂ ਜ਼ਿੰਮੇਵਾਰੀਆਂ ਨੂੰ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਇਆ ਜਾਵੇਗਾ। ਮੀਟਿੰਗ ਵਿੱਚ ਇਹ ਵੀ ਨਿਰਣੇ ਲਿਆ ਗਿਆ ਕਿ ਜੇਕਰ ਕੋਈ ਵੀ ਅਹੁਦੇਦਾਰ ਆਪਣਾ ਕੰਮ ਠੀਕ ਤਰੀਕੇ ਨਾਲ ਨਹੀਂ ਕਰੇਗਾ ਤਾਂ ਉਸਦੀ ਜਗ੍ਹਾਂ ਨਵੀਂ ਚੋਣ ਕਰਵਾਈ ਜਾਵੇਗੀ। ਇਹ ਚੋਣ ਦੋ ਸਾਲਾਂ ਦੀ ਮਿਆਦ ਲਈ ਕੀਤੀ ਗਈ ਹੈ। ਇਸ ਮੌਕੇ 'ਤੇ ਅਮਨਦੀਪ ਸਿੰਘ, ਰਾਕੇਸ਼ ਕੁਮਾਰ ਲੀਲੂ, ਅਜੀਤ ਕੁਮਾਰ, ਸਚਿਨ ਕੁਮਾਰ ਅਤੇ ਸੁਨੀਲ ਕੁਮਾਰ ਫੌਜੀ ਸਮੇਤ ਹੋਰ ਮੈਂਬਰ ਵੀ ਮੌਜੂਦ ਸਨ।

# ਵਾਈਐਸ ਕਾਲਜ ਦੇ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸੈਮੀਨਾਰ ਵਿੱਚ ਭਾਗ ਲਿਆ



ਬਰਨਾਲਾ, 3 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ) : ਐਨਜੀਓ ਜ਼ਿੰਦਗੀ ਜ਼ਿੰਦਾਬਾਦ ਵੱਲੋਂ ਗਲੋਬਲ ਸਿੱਖਸ ਦੇ ਸਹਿਯੋਗ ਨਾਲ ਜ਼ਿੰਦਾਬਾਦ ਮਿਸ਼ਨ ਅਧੀਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਇੰਸ ਵਿਭਾਗ ਆਡੀਟੋਰਿਅਮ ਵਿੱਚ ਇੱਕ ਮਹੱਤਵਪੂਰਨ ਜਾਗਰੂਕਤਾ ਸੈਮੀਨਾਰ ਆਯੋਜਿਤ ਕੀਤਾ ਗਿਆ। ਇਸ ਸੈਮੀਨਾਰ ਦਾ ਵਿਸ਼ਾ ਨਸ਼ਿਆਂ ਨੂੰ ਨਾ ਅਤੇ ਜੀਵਨ ਨੂੰ ਹਾਂ ਸੀ, ਜਿਸਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਦੇ ਨੁਕਸਾਨ ਅਤੇ ਸਕਾਰਾਤਮਕ ਜੀਵਨ ਸ਼ੈਲੀ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸੀ। ਸੈਮੀਨਾਰ ਦੀ ਸ਼ੁਰੂਆਤ ਪ੍ਰੇਰਣਾਦਾਇਕ ਭਾਸ਼ਣਾਂ ਨਾਲ ਹੋਈ, ਜਿਨ੍ਹਾਂ ਵਿੱਚ ਡਾ. ਦਮਨਜੀਤ ਸੰਧੂ (ਮੁਖੀ, ਮਨੋਵਿਗਿਆਨ ਵਿਭਾਗ), ਡਾ. ਜਗਦੀਪ ਸਿੰਘ, ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਹਰਮੀਕ ਸਿੰਘ (ਦੁਬਈ) ਚੈਪਟਰ ਡਾਇਰੈਕਟਰ ਅਤੇ ਲੀਡ, ਦਲਵੀਰ ਸਿੰਘ (ਐਨਜੀਓ ਜ਼ਿੰਦਗੀ ਜ਼ਿੰਦਾਬਾਦ) ਅਤੇ ਹੋਰ ਮਾਣਯੋਗ ਹਸਤੀਆਂ ਸ਼ਾਮਲ ਸਨ। ਮਨੋਵਿਗਿਆਨ ਵਿਭਾਗ ਦੇ ਪ੍ਰੋਫ਼ੈਸਰਾਂ, ਖੋਜਕਰਤਿਆਂ ਅਤੇ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ। ਸੈਮੀਨਾਰ ਦਾ ਮੁੱਖ ਵਿਸ਼ਾ ਨੌਜਵਾਨਾਂ 'ਤੇ ਮਾੜੀ ਸੰਗਤ ਅਤੇ ਜੀਵਨ ਸ਼ੈਲੀ ਦਾ ਪ੍ਰਭਾਵ ਰਿਹਾ। ਵਿਦਵਾਨਾਂ ਨੇ ਦੱਸਿਆ ਕਿ ਮਾੜੀ ਸੰਗਤ, ਪਰਿਵਾਰਕ ਸਮੱਸਿਆਵਾਂ ਅਤੇ ਮਾਨਸਿਕ ਤਣਾਅ ਕਾਰਨ ਕਈ ਨੌਜਵਾਨ ਗਲਤ ਆਦਤਾਂ ਵੱਲ ਵਧ ਜਾਂਦੇ ਹਨ। ਸਾਥੀਆਂ ਦੇ ਦਬਾਅ ਹੇਠ ਉਹ ਬਿਨਾਂ ਨਤੀਜੇ ਸੋਚੇ ਖਤਰਨਾਕ ਆਦਤਾਂ ਅਪਣਾਉਣ ਲੱਗਦੇ ਹਨ। ਵਿਦਿਆਰਥੀਆਂ ਨੂੰ ਸਵੈ-ਜਾਗਰੂਕਤਾ ਅਤੇ ਜ਼ਿੰਮੇਵਾਰ ਫੈਸਲੇ ਕਰਨ ਲਈ ਪ੍ਰੇਰਿਤ ਕੀਤਾ ਗਿਆ। ਸੈਸ਼ਨ ਦੌਰਾਨ ਮਾੜੀਆਂ ਆਦਤਾਂ ਦੇ ਨੁਕਸਾਨਾਂ ਬਾਰੇ ਵੀ ਵਿਸਥਾਰ ਨਾਲ ਚਰਚਾ ਕੀਤੀ ਗਈ। ਪੀਅਰ ਪ੍ਰੈਸ਼ਰ (ਸਾਥੀਆਂ ਦਾ ਦਬਾਅ) ਬਾਰੇ ਵੀ ਜਾਣਕਾਰੀ ਦਿੱਤੀ ਗਈ, ਜਿੱਥੇ ਸਾਰੇ ਕਰਦੇ ਹਨ, ਇੱਕ ਵਾਰ ਕਰਕੇ ਵੇਖ, ਜਾਂ ਹਿੰਮਤ ਹੈ ਤਾਂ ਕਰ ਵਰਗੀਆਂ ਗੱਲਾਂ ਨੂੰ ਨੌਜਵਾਨਾਂ ਨੂੰ ਗਲਤ ਰਾਹ 'ਤੇ ਲਿਜਾਣ ਵਾਲੇ ਤਰੀਕੇ ਦੱਸਿਆ ਗਿਆ। ਵਾਈ.ਐਸ ਕਾਲਜ ਦੇ 20 ਵਿਦਿਆਰਥੀਆਂ ਦੇ ਦਲ ਨੇ ਸੈਮੀਨਾਰ ਵਿੱਚ ਸੰਸਥਾ ਦੀ ਨੁਮਾਇੰਦਗੀ ਕੀਤੀ। ਇਸ ਸਮਾਗਮ ਵਿੱਚ ਬਰਨਾਲਾ ਦੇ ਵੱਖ-ਵੱਖ ਕਾਲਜਾਂ ਦੇ 200 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਨਸ਼ਾ ਮੁਕਤ ਸਮਾਜ ਬਣਾਉਣ ਲਈ ਆਪਣੀ ਵਚਨਬੱਧਤਾ ਦਰਸਾਈ। ਡਾਇਰੈਕਟਰ ਵਰੁਣ ਭਾਰਤੀ ਅਤੇ ਪ੍ਰਿੰਸੀਪਲ ਡਾ. ਗੁਰਪਾਲ ਸਿੰਘ ਰਾਣਾ ਨੇ ਕਿਹਾ ਕਿ ਵਾਈਐਸ ਕਾਲਜ ਸਿੱਖਿਆ ਦੇ ਨਾਲ ਸਮਾਜਿਕ ਜਾਗਰੂਕਤਾ ਨੂੰ ਵੀ ਬਰਾਬਰ ਮਹੱਤਤਾ ਦਿੰਦਾ ਹੈ ਅਤੇ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਸਮਾਜਿਕ ਬਦਲਾਅ ਦੇ ਦੂਤ ਬਣਾਉਂਦੇ ਹਨ। ਵਾਈਸ ਪ੍ਰਿੰਸੀਪਲ ਵੀ.ਪੀ. ਸਿੰਗਲਾ ਨੇ ਕਿਹਾ ਕਿ ਅੱਜ ਦੇ ਨੌਜਵਾਨਾਂ ਨੂੰ ਨਕਾਰਾਤਮਕ ਪ੍ਰਭਾਵਾਂ ਤੋਂ ਬਚਾਉਣ ਲਈ ਲਗਾਤਾਰ ਮਾਰਗਦਰਸ਼ਨ ਅਤੇ ਪ੍ਰੇਰਣਾ ਦੀ ਲੋੜ ਹੈ।

# ਨਗਰ ਕੌਂਸਲਰ ਹਰਬਖਸ਼ੀਸ਼ ਸਿੰਘ ਗੋਨੀ ਲੋਕਾਂ ਦੇ ਕੰਮ ਕਰਵਾਉਣ 'ਚ ਮੋਹਰੀ



ਬਰਨਾਲਾ, 3 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ) : ਪੁਰਾਣੇ ਵਾਰਡ ਨੰਬਰ 29 ਦੇ ਨਗਰ ਕੌਂਸਲਰ ਹਰਬਖਸ਼ੀਸ਼ ਸਿੰਘ ਗੋਨੀ ਆਪਣੇ ਵਾਰਡ ਦੇ ਲੋਕਾਂ 'ਚ ਬੜੇ ਹੀ ਹਰਮਨ ਪਿਆਰੇ ਹਨ, ਕਿਉਂਕਿ ਇਹਨਾਂ ਨੇ ਆਪਣੇ ਵਾਰਡ 'ਚ ਇਤਨੇ ਜ਼ਿਆਦਾ ਕੰਮ ਕਰਵਾਏ ਹਨ, ਜਿਸ ਨੂੰ ਸੁਣ ਕੇ ਹਰ ਕੋਈ ਆਚੰਭਿਤ ਹੋ ਜਾਂਦਾ ਹੈ। ਜਨ ਹਿਤ ਦੇ ਕੰਮਾਂ ਨੂੰ ਦੇਖੀਏ ਤਾਂ ਸਾਰੇ ਵਾਰਡ 'ਚ ਇੰਟਰਲੌਕ ਟਾਈਲਾਂ ਲਗਵਾਈਆਂ, ਸੀਵਰੇਜ਼ ਸਿਸਟਮ ਦੇ ਰੁਕਣ ਦੀ ਪਿਛਲੇ ਪੰਜਾਂ ਸਾਲਾਂ 'ਚ ਕੋਈ ਰਿਪੋਰਟ ਨਹੀਂ ਆਈ, ਸਾਰੇ ਲਾਭਪਾਤਰੀਆਂ ਦੇ ਰਾਸ਼ਨ ਕਾਰਡ ਬਣਵਾਏ । ਆਪਣੇ ਵਾਰਡ ਚ ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਹੋਏ ਪੰਜ ਲੱਖ ਵਾਲੇ ਆਯੂਸ਼ਮਾਨ ਸਿਹਤ ਬੀਮਾ ਯੋਜਨਾ ਦੇ 900 ਕਾਰਡ ਬਣਵਾਏ । ਬੁਢਾਪਾ, ਅੰਗਹੀਣ ਅਤੇ ਵਿਧਵਾ ਪੈਨਸ਼ਨ ਦਾ ਕੋਈ ਵੀ ਕੇਸ ਪੈਂਡਿੰਗ ਨਹੀਂ ਹੈ। ਕਿਸੇ ਵੀ ਵਾਰਡਵਾਸੀ ਨੂੰ ਕੰਮ ਕਰਾਉਣ ਲਈ ਇਨ੍ਹਾਂ ਦੇ ਘਰ ਦੇ ਚੱਕਰ ਕੱਟਣ ਦੀ ਲੋੜ ਨਹੀਂ ਪੈਂਦੀ। ਵਰਣਨ ਯੋਗ ਗੱਲ ਇਹ ਹੈ ਕਿ ਪਿਛਲੇ ਪੰਜਾਂ ਸਾਲਾਂ 'ਚ ਵਾਰਡ ਦੀ ਕਿਸੇ ਵੀ ਗਲੀ ਦੀ ਲਾਈਟ ਬੰਦ ਨਹੀਂ ਹੋਈ। ਇਲੈਕਟਰੀਸ਼ਨ ਹੋਣ ਕਾਰਨ ਕਈ ਵਾਰ ਇਹ ਆਪ ਹੀ ਲਾਈਟ ਠੀਕ ਕਰ ਦਿੰਦੇ ਹਨ। ਐਮ ਸੀ ਗੋਨੀ ਆਪਣੇ ਵਾਰਡ 29 'ਚ ਪੈਂਦੀਆਂ ਅਮਰ ਕਲੋਨੀ, ਗੋਬਿੰਦ ਕਲੋਨੀ, ਈਸ਼ਵਰ ਕਲੋਨੀ, ਬਾਬਾ ਨਾਮਦੇਵ ਨਗਰ, ਦੱਧਾਹੂਰ ਬਸਤੀ ਦੇ ਰੋਜ਼ਾਨਾ ਚੱਕਰ ਲਗਾਉਂਦੇ ਹਨ, ਇਹ ਦੇਖਣ ਲਈ ਕਿ ਕਿਸੇ ਵਾਰਡ ਵਾਸੀ ਨੂੰ ਕੋਈ ਤਕਲੀਫ਼ ਤਾਂ ਨਹੀਂ। ਵਾਰਡ ਦੇ ਕਈ ਲੋਕਾਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਦੱਸਿਆ ਕਿ ਹਰਬਖਸ਼ੀਸ਼ ਸਿੰਘ ਗੋਨੀ ਸਾਰੇ ਨਗਰ ਕੌਂਸਲਰਾਂ ਲਈ ਪ੍ਰੇਰਨਾ ਸਰੋਤ ਹਨ। ਸਾਰੇ ਲੋਕ ਨੁਮਾਇੰਦਿਆਂ ਨੂੰ ਨਗਰ ਕੌਂਸਲਰ ਹਰਬਖਸ਼ੀਸ਼ ਸਿੰਘ ਗੋਨੀ ਤੋਂ ਪ੍ਰੇਰਨਾ ਲੈ ਕੇ ਲੋਕ ਸੇਵਾ ਕਰਨੀ ਚਾਹੀਦੀ ਹੈ।

# ਪੰਜਾਬ ਪਬਲਿਕ ਸਕੂਲ ਮਾਨਾਂ ਪਿੰਡੀ ਵਿਚ ਨਵੇਂ ਸੈਸ਼ਨ ਦੀ ਸ਼ੁਰੂਆਤ



ਬਰਨਾਲਾ, 3 ਅਪ੍ਰੈਲ (ਚਮਕੌਰ ਸਿੰਘ ਗੱਗੀ) : ਮਸ਼ਹੂਰ ਵਿਦਿਅਕ ਸੰਸਥਾ ਪੰਜਾਬ ਪਬਲਿਕ ਸਕੂਲ ਮਾਨਾਂ ਪਿੰਡੀ ਦੇ ਡਾਇਰੈਕਟਰ ਸੁਖਦੀਪ ਸਿੰਘ ਚੀਮਾਂ ਜੀ ਅਤੇ ਪ੍ਰਿੰਸੀਪਲ ਮੈਡਮ ਸਿਮਰਨ ਕੌਰ ਜੀ ਦੀ ਅਗਵਾਈ ਹੇਠ ਸਕੂਲ ਵਿਚ ਨਵੇਂ ਸ਼ੈਸ਼ਨ 2026-2027 ਦੀ ਸ਼ੁਰੂਆਤ ਬੱਚਿਆਨੇ ਸਵੇਰੇ ਸਪੈਸ਼ਲ ਅਸੈਂਬਲੀ ਵਿਚ ਸ਼ਬਦ ਗਾ ਕੇ ਕੀਤੀ ਅਤੇ ਛੋਟੇ ਬੱਚਿਆਂ ਦਾ ਟਿੱਕਾ ਲਗਾ ਕੇ ਬੱਚਿਆਂ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਪ੍ਰਿਸੀਪਲ ਮੈਡਮ ਸਿਮਰਨ ਕੌਰ ਨੇ ਸ਼ੈਸ਼ਲ ਦੇ ਪਹਿਲੇ ਦਿਨ ਬੋਲਦਿਆ ਬੱਚਿਆਂ ਨੂੰ ਪਿਛਲੇ ਸਾਲ ਦੇ ਵਧੀਆ ਨਤੀਜੇ ਆਉਣ 'ਤੇ ਵਧਾਈ ਦਿੱਤੀ ਅਤੇ ਅਗਲੀਆਂ ਕਲਾਸਾਂ ਵਿਚ ਹੋਰ ਵੀ ਵਧੀਆ ਪੜ੍ਹਾਈ ਕਰਨ ਦੇ ਨਾਲ -ਨਾਲ ਖੇਡਾਂ ਅਤੇ ਹੋਰ ਗਤੀਵਿਧੀਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ। ਸਕੂਲ ਪ੍ਰੰਬਧਕਾਂ ਨੇ ਅਧਿਆਪਕਾਂ ਨਾਲ ਵਿਦਿਆਰਥੀਆ ਦੀਆ ਅਗਲੀਆ ਕਲਾਸਾਂ ਦੀ ਪੜ੍ਹਾਈ ਨੂੰ ਹੋਰ ਵੀ ਵਧੀਆ ਤਰੀਕੇ ਨਾਲ ਕਰਵਾਉਣ ਲਈ ਵਿਚਾਰ ਵਟਾਂਦਰਾ ਕੀਤਾ। ਇਸ ਦੌਰਾਨ ਪਿਛਲੇ ਸ਼ੈਸ਼ਲ ਵਿਚ ਪਹਿਲੀਆ ਪੁਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਨੂੰ ਬੈਚ ਲਗਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਅਮਰਜੀਤ ਸਿੰਘ ਚੀਮਾ ਨੇ ਸਕੂਲ ਦੇ ਸਟਾਫ਼ ਅਤੇ ਮਾਪਿਆ ਨੂੰ ਵਧਾਈ ਦਿੱਤੀ ਅਤੇ ਪਿਛਲੇ ਸਾਲ ਦੇ ਨਤੀਜੇ ਆਉਣ ਤੇ ਸਾਰੇ ਸਟਾਫ਼ ਦੀ ਸ਼ਲਾਘਾ ਕੀਤੀ । ਉਹਨਾਂ ਨੇ ਕਿਹਾ ਕਿ ਬੱਚਿਆਂ ਦੀ ਪੜ੍ਹਾਈ ਲਈ ਜਿੱਥੇ ਅਧਿਆਪਕਾਂ ਨੂੰ ਫ਼ਿਕਰ ਹੁੰਦਾ ਹੈ ਉਥੇ ਮਾਪਿਆ ਨੂੰ ਵੀ ਬਹੁਤ ਫਿਕਰ ਹੁੰਦਾ ਹੈ। ਚੇਅਮੈਨ ਨੇ ਨਵੇਂ ਸ਼ੈਸ਼ਨ ਵਿਚ ਵੀ ਅਧਿਆਪਕਾਂ ਨੂੰ ਬੱਚਿਆ ਨੂੰ ਵੱਧ ਤੋਂ ਵੱਧ ਮਿਹਨਤ ਕਰਵਾਉਣ ਲਈ ਪ੍ਰੇਰਿਆ । ਅੰਤ ਵਿਚ ਉਹਨਾਂ ਨੇ ਸਾਰਿਆ ਨੂੰ ਇੱਕ ਵਾਰ ਫਿਰ ਨਵੇਂ ਸ਼ੈਸ਼ਨ ਸ਼ੁਰੂ ਹੋਣ ਦੀ ਵਧਾਈ ਦਿੱਤੀ ਅਤੇ ਬੱਚਿਆ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

# ਸ੍ਰੀ ਹਨੂੰਮਾਨ ਜੀ ਦੇ ਜਨਮ ਦਿਹਾੜੇ ਮੌਕੇ ਚਾਹ ਪਕੌੜਿਆਂ ਦਾ ਲੰਗਰ ਲਗਾਇਆ



ਬਰਨਾਲਾ, 3 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ / ਚਮਕੌਰ ਸਿੰਘ ਗੱਗੀ) : ਸ਼੍ਰੀ ਰਾਮ ਭਗਤ ਸ਼੍ਰੀ ਹਨੂੰਮਾਨ ਜੀ ਦੇ ਅੱਜ ਜਨਮ ਦਿਹਾੜੇ ਨੂੰ ਸਮਰਪਿਤ ਸ਼੍ਰੀ ਬਾਲਾ ਜੀ ਪੈਦਲ ਯਾਤਰਾ ਦਲ ਬਰਨਾਲਾ ਵੱਲੋਂ ਪ੍ਰਾਚੀਨ ਮੰਦਰ ਬਰਨੇਵਾਲੇ ਧਨੌਲਾ ਵਿਖੇ ਭਗਤਾਂ ਲਈ ਚਾਹ ਪਕੌੜਿਆਂ ਦੇ ਦੇ ਨਾਲ ਗਰਮਾ ਗਰਮ ਜਲੇਬੀਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਦਲ ਦੇ ਅਹੁਦੇਦਾਰ ਕੈਲਾਸ਼ ਗੋਇਲ, ਸੰਦੀਪ ਗੋਇਲ, ਸਕਲ ਕੌਸਲ, ਸ਼ਨੀ ਰਾਮ, ਧੀਰਜ ਕੁਮਾਰ, ਸੰਦੀਪ ਗੋਇਲ, ਬਬਲੂ ਬਾਂਸਲ ਅਤੇ ਵਿਕਾਸ ਭੰਡਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਅੱਜ ਵੀ ਹਨੂੰਮਾਨ ਭਗਤਾਂ ਲਈ ਪ੍ਰਾਚੀਨ ਮੰਦਰ ਧਨੌਲਾ ਵਿਖੇ ਬਰੈਡ ਪਕੌੜਿਆਂ ਅਤੇ ਗਰਮਾਂ ਗਰਮ ਚਾਹ ਦਾ ਲੰਗਰ ਲਗਾਇਆ ਗਿਆ। ਦਲ ਦੇ ਸੇਵਾਦਾਰਾਂ ਵੱਲੋਂ ਆਪਣੀ ਸੇਵਾ ਨਿਭਾਉਂਦਿਆਂ ਦੱਸਿਆ ਕਿ ਸ਼ਹਿਰ ਅੰਦਰ ਕਿਸੇ ਵੀ ਧਾਰਮਿਕ ਪ੍ਰੋਗਰਾਮ ਹੁੰਦਾ ਹੈ ਤਾਂ ਆਪਣਾ ਬਣਦਾ ਯੋਗਦਾਨ ਦਲ ਵੱਲੋਂ ਸੇਵਾ ਭਾਵਨਾ ਨਾਲ ਪਾਇਆ ਜਾਂਦਾ ਹੈ। ਇਸ ਮੌਕੇ ਸੁਧੀਰ ਬਾਂਸਲ, ਸੰਗੀਤ ਸ਼ਰਮਾ, ਜਗਜੀਤ ਸਿੰਘ, ਜਨਕ ਰਾਜ ਗੋਇਲ, ਅਵੀ ਗੋਇਲ, ਰਿੰਕੂ ਗੋਇਲ, ਗਗਨ ਜਿੰਦਲ, ਸੰਦੀਪ ਜੇਠੀ ਆਦਿ ਵੱਲੋਂ ਭਗਤਾਂ ਨੂੰ ਆਪਣੇ ਹੱਥੀ ਲੰਗਰ ਵਰਤਾਇਆ ਗਿਆ। ਇਸ ਮੌਕੇ ਸ਼੍ਰੀ ਬਾਲਾ ਜੀ ਪੈਦਲ ਯਾਤਰਾ ਦਲ ਵੱਲੋਂ ਸਭਨਾਂ ਨੂੰ ਸ਼੍ਰੀ ਹਨੂੰਮਾਨ ਜੀ ਦੇ ਜਨਮ ਦਿਨ ਮੌਕੇ ਵਧਾਈ ਦਿੰਦਿਆਂ ਸ਼ੁਭਕਾਮਨਾਵਾਂ ਭੇਂਟ ਕੀਤੀਆਂ ਅਤੇ ਸਭਨਾਂ ਦੀ ਖੁਸ਼ੀਆਂ ਭਰੀ ਜ਼ਿੰਦਗੀ ਦੀ ਕਾਮਨਾ ਕੀਤੀ।

# ਆਪ ਸਰਕਾਰ ਫਲੈਕਸ ਬੋਰਡਾਂ 'ਤੇ ਕਰੋੜਾਂ ਖ਼ਰਚਕੇ ਪੰਜਾਬ ਨੂੰ ਹੋਰ ਕਰਜ਼ਈ ਕਰ ਰਹੀ ਹੈ : ਧਾਲੀਵਾਲ



ਸ਼ਹਿਣਾ / ਭਦੌੜ, 3 ਅਪ੍ਰੈਲ (ਸੁਖਵਿੰਦਰ ਪਲਾਹਾ) : ਪੰਜਾਬ ਸਰਕਾਰ ਪਿੰਡਾਂ ਦੇ ਲੋਕਾਂ ਨਾਲ ਕੀਤੇ ਹੋਏ ਵਾਅਦਿਆਂ ਨੂੰ ਚਾਰ ਸਾਲਾਂ ਦੇ ਵਿੱਚ ਪੂਰੇ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਚੁੱਕੀ ਹੈ ਅਤੇ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਵੀ ਔਰਤਾਂ ਦੇ ਖਾਤਿਆਂ ਵਿੱਚ 1000 ਰੁਪਏ ਪ੍ਰਤੀ ਮਹੀਨਾ ਪਾਉਣ ਦੇ ਵਾਅਦੇ ਦੀ ਵੀ ਫੂਕ ਨਿਕਲ ਗਈ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਕਾਂਗਰਸੀ ਆਗੂ ਸੁਖਵਿੰਦਰ ਸਿੰਘ ਧਾਲੀਵਾਲ ਸੂਬਾ ਸੈਕਟਰੀ ਕਿਸਾਨ ਸੈੱਲ ਕਾਂਗਰਸ ਹਲਕਾ ਭਦੌੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਪੰਜਾਬ ਦੀਆਂ ਸੜਕਾਂ ਉੱਪਰ ਕਰੋੜਾਂ ਰੁਪਇਆ ਦੇ ਵੱਡੇ-ਵੱਡੇ ਫਲੈਕਸ ਲਗਾ ਕੇ ਦੇ ਫੋਕੀ ਸ਼ੋਹਰਤ ਖੱਟਣਾ ਚਾਹੁੰਦੀ ਹੈ ਜਦੋਂ ਕਿ ਸਚਾਈ ਇਹ ਹੈ ਕਿ ਜ਼ਮੀਨੀ ਪੱਧਰ ਤੇ ਕੰਮ ਕਰਨ ਵਿੱਚ ਪੰਜਾਬ ਦੀ ਮੌਜੂਦਾ ਸਰਕਾਰ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਤੋਂ ਗਰੀਬਾਂ ਨੂੰ ਸਮੇਂ ਸਿਰ ਕਣਕ ਨਹੀਂ ਮਿਲ ਰਹੀ, ਸ਼ਗਨ ਸਕੀਮ ਨਸੀਬ ਨਹੀਂ ਹੋ ਰਹੀ, ਗਰੀਬ ਪਰਿਵਾਰਾਂ ਨੂੰ 70,000 ਹਜ਼ਾਰ ਰੁਪਏ ਬਿਜਲੀ ਬਿੱਲ ਆ ਰਹੇ ਹਨ। ਉਨ੍ਹਾਂ ਕਿਹਾ ਕਿ ਹੜ ਪੀੜਤ ਗਰੀਬ ਪਰਿਵਾਰਾਂ ਨੂੰ ਡਿੱਗੇ ਮਕਾਨਾਂ ਦੀ ਬਣਦੀ ਰਾਸ਼ੀ ਅੱਜ ਤੱਕ ਨਸ਼ੀਬ ਨਹੀਂ ਹੋਈ ਅਤੇ ਲੋਕਾਂ ਦੇ ਘਰਾਂ ਵਿੱਚ ਮੁਫ਼ਤ ਰਾਸ਼ਨ ਅਤੇ ਔਰਤਾਂ ਦੇ ਖਾਤਿਆਂ ਵਿੱਚ ਹਜ਼ਾਰ ਰੁਪਏ ਪ੍ਰਤੀ ਮਹੀਨਾ ਨਹੀਂ ਪਿਆ । ਉਨ੍ਹਾਂ ਕਿਹਾ ਕਿ ਇਹ ਆਮ ਆਦਮੀ ਪਾਰਟੀ ਦੀ ਸਰਕਾਰ ਸਿਰਫ ਫਲੈਕਸ ਬੋਰਡਾਂ ਦੇ ਆਸਰੇ ਹੀ ਚੱਲ ਰਹੀ ਹੈ ਜਦੋਂ ਕਿ ਪੰਜਾਬ ਦੇ ਲੋਕ ਪੰਜਾਬ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਹੋਏ ਝੂਠੇ ਵਾਅਦਿਆਂ ਦਾ ਲੇਖਾ ਜੋਖਾ ਕਰਨ ਲਈ ਬੇਸਬਰੀ ਨਾਲ ਉਡੀਕ ਕਰ ਰਹੇ ਹਨ।

# ਕਰੀਅਰ ਦੀ ਸਹੀ ਦਿਸ਼ਾ : ਜੇ.ਈ.ਈ. ਅਤੇ ਨੀਟ ਨਾਲ ਸੁਪਨਿਆਂ ਨੂੰ ਦਿਓ ਨਵੀਂ ਉਡਾਣ

ਸਫਲਤਾ ਦੀ ਸ਼ੁਰੂਆਤ ਸਹੀ ਸੁਪਨਿਆਂ ਦੀ ਚੋਣ ਤੋਂ ਹੁੰਦੀ ਹੈ। ਦਸਵੀਂ ਜਮਾਤ ਪਾਸ ਕਰਨ ਤੋਂ ਬਾਅਦ ਹਰ ਵਿਦਿਆਰਥੀ ਨੂੰ ਆਪਣੇ ਭਵਿੱਖ ਲਈ ਇੱਕ ਠੀਕ ਦਿਸ਼ਾ ਦੀ ਚੋਣ ਕਰਨੀ ਪੈਂਦੀ ਹੈ। ਇਸ ਸਮੇਂ ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਵਿਸ਼ਾ ਚੁਣਨਾ ਬਹੁਤ ਜ਼ਰੂਰੀ ਹੁੰਦਾ ਹੈ। ਗਿਆਰਵੀਂ ਅਤੇ ਬਾਰਵੀਂ ਵਿੱਚ ਤਿੰਨ ਮੁੱਖ ਸਟਰੀਮ ਹੁੰਦੀਆਂ ਹਨ: ਵਿਗਿਆਨ ਸਟਰੀਮ, ਕਾਮਰਸ ਸਟਰੀਮ, ਆਰਟਸ ਸਟਰੀਮ ਵਿਗਿਆਨ ਸਟਰੀਮ ਉਹਨਾਂ ਵਿਦਿਆਰਥੀਆਂ ਲਈ ਉਚਿਤ ਹੈ ਜੋ ਗਣਿਤ, ਵਿਗਿਆਨ, ਤਕਨਾਲੋਜੀ ਅਤੇ ਖੋਜ ਵਿੱਚ ਰੁਚੀ ਰੱਖਦੇ ਹਨ। ਜੇ.ਈ.ਈ. (ਸੰਯੁਕਤ ਪ੍ਰਵੇਸ਼ ਪਰੀਖਿਆ) ਜੇ.ਈ.ਈ. ਭਾਰਤ ਵਿੱਚ ਇੰਜੀਨੀਅਰਿੰਗ ਅਤੇ ਆਰਕੀਟੈਕਚਰ ਕੋਰਸਾਂ ਵਿੱਚ ਦਾਖਲੇ ਲਈ ਇੱਕ ਮਹੱਤਵਪੂਰਨ ਰਾਸ਼ਟਰੀ ਪੱਧਰ ਦੀ ਪ੍ਰਵੇਸ਼ ਪਰੀਖਿਆ ਹੈ। ਜੇ.ਈ.ਈ. ਦੇ ਦੋ ਭਾਗ ਹੁੰਦੇ ਹਨ: 1. ਜੇ.ਈ.ਈ. ਮੇਨਜ਼ ਇਹ ਪਰੀਖਿਆ ਰਾਸ਼ਟਰੀ ਤਕਨੀਕੀ ਸੰਸਥਾਵਾਂ, ਜਾਣਕਾਰੀ ਤਕਨਾਲੋਜੀ ਸੰਸਥਾਵਾਂ ਅਤੇ ਹੋਰ ਸਰਕਾਰੀ ਇੰਜੀਨੀਅਰਿੰਗ ਕਾਲਜਾਂ ਵਿੱਚ ਦਾਖਲੇ ਲਈ ਹੁੰਦੀ ਹੈ। ਇਹ ਪਰੀਖਿਆ ਐਨ ਟੀ ਏ (ਰਾਸ਼ਟਰੀ ਜਾਂਚ ਏਜੰਸੀ )ਦੁਆਰਾ ਕਰਵਾਈ ਜਾਂਦੀ ਹੈ। 2. ਜੇ.ਈ.ਈ. ਐਡਵਾਂਸਡ: ਕੇਵਲ ਉਹੀ ਵਿਦਿਆਰਥੀ ਇਹ ਪਰੀਖਿਆ ਦੇ ਸਕਦੇ ਹਨ ਜੋ ਜੇ.ਈ.ਈ. ਮੇਨਜ਼ ਵਿੱਚ ਨਿਰਧਾਰਿਤ ਅੰਕ ਪ੍ਰਾਪਤ ਕਰਦੇ ਹਨ। ਇਹ ਪਰੀਖਿਆ ਐਨ ਟੀ ਏ ਭਾਰਤੀ ਤਕਨੀਕੀ ਸੰਸਥਾਵਾਂ ਵਿੱਚ ਦਾਖਲੇ ਲਈ ਹੁੰਦੀ ਹੈ। ਇਹ ਹਰ ਸਾਲ ਕਿਸੇ ਇੱਕ ਤਕਨੀਕੀ ਸੰਸਥਾ ਵੱਲੋਂ ਕਰਵਾਈ ਜਾਂਦੀ ਹੈ। ਜੇ.ਈ.ਈ. ਦੀ ਤਿਆਰੀ ਲਈ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿੱਚ ਮਜ਼ਬੂਤ ਪਕੜ ਬਹੁਤ ਜ਼ਰੂਰੀ ਹੈ। ਜੇ.ਈ.ਈ. ਇੰਜੀਨੀਅਰਿੰਗ ਦੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲਣ ਦਾ ਇੱਕ ਮਹੱਤਵਪੂਰਨ ਰਾਹ ਹੈ। ਨੀਟ (ਰਾਸ਼ਟਰੀ ਯੋਗਤਾ ਅਤੇ ਪ੍ਰਵੇਸ਼ ਪਰੀਖਿਆ) ਨੀਟ ਭਾਰਤ ਵਿੱਚ ਐਮ.ਬੀ.ਬੀ.ਐਸ., ਬੀ.ਡੀ.ਐਸ. ਅਤੇ ਹੋਰ ਮੈਡੀਕਲ ਕੋਰਸਾਂ ਵਿੱਚ ਦਾਖਲੇ ਲਈ ਇਕੱਲੀ ਰਾਸ਼ਟਰੀ ਪੱਧਰ ਦੀ ਪ੍ਰਵੇਸ਼ ਪਰੀਖਿਆ ਹੈ।ਨੀਟ 2016 ਤੋਂ ਇਕੱਲੀ ਮੈਡੀਕਲ ਪ੍ਰਵੇਸ਼ ਪਰੀਖਿਆ ਬਣ ਗਈ (ਇਸਦੀ ਸ਼ੁਰੂਆਤ 2013 ਵਿੱਚ ਹੋਈ ਸੀ)। ਇਸ ਦੇ ਜ਼ਰੀਏ ਹੇਠਲੇ ਕੋਰਸਾਂ ਵਿੱਚ ਦਾਖਲਾ ਮਿਲਦਾ ਹੈ: ਐਮ.ਬੀ.ਬੀ.ਐਸ. (ਚਿਕਿਤਸਾ ਸਨਾਤਕ) ਬੀ.ਡੀ.ਐਸ. (ਦੰਦ ਚਿਕਿਤਸਾ), ਬੀ.ਏ.ਐਮ.ਐਸ. (ਆਯੁਰਵੇਦ ਚਿਕਿਤਸਾ), ਬੀ.ਐੱਚ.ਐਮ.ਐਸ. (ਹੋਮਿਓਪੈਥੀ ਚਿਕਿਤਸਾ) ਬੀ.ਪੀ.ਟੀ. (ਕੁਝ ਸੰਸਥਾਵਾਂ ਵਿੱਚ) ਇਹ ਪਰੀਖਿਆ ਵੀ ਰਾਸ਼ਟਰੀ ਜਾਂਚ ਏਜੰਸੀ ਦੁਆਰਾ ਕਰਵਾਈ ਜਾਂਦੀ ਹੈ। ਨੀਟ ਦੀ ਤਿਆਰੀ ਲਈ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚ ਮਜ਼ਬੂਤ ਪਕੜ ਬਹੁਤ ਜ਼ਰੂਰੀ ਹੈ। 'ਨੀਟ ਮੈਡੀਕਲ ਖੇਤਰ ਵਿੱਚ ਕਰੀਅਰ ਬਣਾਉਣ ਦਾ ਸਭ ਤੋਂ ਮੁੱਖ ਦਰਵਾਜ਼ਾ ਹੈ।'

**ਮਨਜੀਤ ਕੌਰ ਹਿੰਦੀ ਅਧਿਆਪਕਾ**
**ਸਰਕਾਰੀ ਹਾਈ ਸਕੂਲ, ਸੰਘੇੜਾ।**

